ਚੜ੍ਹਦੀਕਲਾ ਪੜ੍ਹੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜਨਯੋਗ ਸਮੱਗਰੀ ਲਈ
ਆਪਣੇ ਅਖ਼ਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'
DAILY CHARHDIKALA, CHANDIGARH
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Tuesday, 21 April 2026 ) ਚੰਡੀਗੜ੍ਹ, ਮੰਗਲਵਾਰ, 21 ਅਪ੍ਰੈਲ, 2026, 8 ਵੈਸਾਖ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 109 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com


## ਚਰਨ ਗੰਗਾ ਸਟੇਡੀਅਮ 'ਚ ਪ੍ਰੀਮੀਅਰ ਲੀਗ 27 ਤੋਂ, ਫਾਈਨਲ ਮੁਕਾਬਲੇ 3 ਮਈ ਨੂੰ : ਬੈਂਸ

ਸ੍ਰੀ ਅਨੰਦਪੁਰ ਸਾਹਿਬ, 20 ਅਪ੍ਰੈਲ (ਸਤਿੰਦਰ ਪਾਲ ਸਿੰਘ) : ਹਰਜੋਤ ਸਿੰਘ ਬੈਂਸ ਨੇ ਚਰਨ ਗੰਗਾ ਸਟੇਡੀਅਮ ਵਿਖੇ ਆਉਣ ਵਾਲੀ ਪ੍ਰੀਮੀਅਰ ਲੀਗ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਪ੍ਰਬੰਧਾਂ 'ਤੇ ਸੰਤੁਸ਼ਟੀ ਪ੍ਰਗਟ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਲਈ ਪਹਿਲੀ ਵਾਰ ਇੰਨੀ ਵੱਡੇ ਪੱਧਰ 'ਤੇ ਪ੍ਰੀਮੀਅਰ ਲੀਗ ਕਰਵਾਈ ਜਾ ਰਹੀ ਹੈ, ਜੋ ਖੇਤਰ ਵਿੱਚ ਖੇਡ ਸੰਸਕਾਰ ਨੂੰ ਨਵਾਂ ਮੁਕਾਮ ਦੇਵੇਗੀ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲੇ 27 ਅਪ੍ਰੈਲ ਨੂੰ ਪ੍ਰਮੁੱਖ ਖੇਡ ਹਸਤੀਆਂ ਦੀ ਹਾਜ਼ਰੀ ਵਿੱਚ ਸ਼ੁਰੂ ਹੋਣਗੇ ਅਤੇ 3 ਮਈ ਨੂੰ ਫਾਈਨਲ ਮੁਕਾਬਲਿਆਂ ਨਾਲ ਸੰਪੰਨ ਹੋਣਗੇ।

ਕੈਬਨਿਟ ਮੰਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਲੀਗ ਦੀ ਵਿਸ਼ੇਸ਼ਤਾ ਇਹ ਹੈ ਕਿ ਹਲਕੇ ਦੇ ਹਰ ਪਿੰਡ, ਵਾਰਡ ਅਤੇ ਮੁਹੱਲੇ ਦੀਆਂ ਟੀਮਾਂ ਇਸ ਵਿੱਚ ਭਾਗ ਲੈ ਸਕਦੀਆਂ ਹਨ। ਜਿਨ੍ਹਾਂ ਪਿੰਡਾਂ ਦੀ ਆਬਾਦੀ ਹਜ਼ਾਰ ਤੋਂ ਵੱਧ ਹੈ, ਉੱਥੇ ਦੋ ਟੀਮਾਂ ਨੂੰ ਹਿੱਸਾ ਲੈਣ ਦੀ ਆਗਿਆ ਹੋਵੇਗੀ, ਜਦਕਿ ਨੰਗਲ, ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਵਰਗੇ ਸ਼ਹਿਰਾਂ ਵਿੱਚ ਵਾਰਡ ਅਤੇ ਮੁਹੱਲਾ ਅਧਾਰਿਤ ਟੀਮਾਂ ਬਣਾਈਆਂ ਜਾਣਗੀਆਂ। ਹਰ ਟੀਮ ਨੂੰ ਆਪਣਾ ਵਿਲੱਖਣ ਨਾਮ ਰੱਖਣ ਦਾ ਮੌਕਾ ਦਿੱਤਾ ਜਾਵੇਗਾ, ਜਿਸ ਨਾਲ ਖਿਡਾਰੀਆਂ ਵਿੱਚ ਜੋਸ਼ ਅਤੇ ਮੁਕਾਬਲੇ ਦੀ ਭਾਵਨਾ ਹੋਰ ਵਧੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਭਾਗ ਲੈਣ ਵਾਲੀਆਂ ਟੀਮਾਂ ਨੂੰ ਖਾਸ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਹਰ ਟੀਮ ਨੂੰ ਜਰਸੀ ਮੁਹੱਈਆ ਕਰਵਾਈ ਜਾਵੇਗੀ ਅਤੇ ਹਰ ਖਿਡਾਰੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਟੀਮਾਂ ਨੂੰ ਕ੍ਰਿਕਟ ਕਿੱਟ, ਦੋ ਬੈਟ, ਵਿਕਟਾਂ ਅਤੇ ਗੇਂਦਾਂ ਦਾ ਸੈੱਟ ਵੀ ਦਿੱਤਾ ਜਾਵੇਗਾ। ਇਹ ਉਪਰਾਲਾ ਸਿਰਫ ਖੇਡਾਂ ਤੱਕ ਸੀਮਿਤ ਨਹੀਂ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਲਈ ਇੱਕ ਮਜ਼ਬੂਤ ਕਦਮ ਹੈ। ਇਸ ਦੌਰਾਨ ਮੰਤਰੀ ਨੇ ਨੌਜਵਾਨਾਂ ਨਾਲ ਵਿਚਾਰ-ਚਰਚਾ ਵੀ ਕੀਤੀ ਅਤੇ ਉਨ੍ਹਾਂ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ਇਸ ਪ੍ਰਤੀਯੋਗਿਤਾ ਵਿੱਚ ਜੇਤੂਆਂ ਲਈ ਆਕਰਸ਼ਕ ਇਨਾਮ ਰੱਖੇ ਗਏ ਹਨ। ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 1.50 ਲੱਖ ਰੁਪਏ ਨਗਦ ਇਨਾਮ ਦੇ ਨਾਲ ਉਸਦੇ ਪਿੰਡ ਨੂੰ 10 ਲੱਖ ਰੁਪਏ ਦੀ ਵਿਕਾਸ ਗ੍ਰਾਂਟ ਦਿੱਤੀ ਜਾਵੇਗੀ। ਦੂਜੇ ਸਥਾਨ ਲਈ 1 ਲੱਖ ਰੁਪਏ ਅਤੇ ਪਿੰਡ ਲਈ 5 ਲੱਖ ਰੁਪਏ ਦੀ ਗ੍ਰਾਂਟ, ਜਦਕਿ ਤੀਜੇ ਸਥਾਨ ਲਈ 2.50 ਲੱਖ ਰੁਪਏ ਦੀ ਗ੍ਰਾਂਟ ਰੱਖੀ ਗਈ ਹੈ। ਇਸ ਤੋਂ ਇਲਾਵਾ ਮੈਨ ਆਫ ਦ ਟੂਰਨਾਮੈਂਟ ਨੂੰ 50 ਹਜ਼ਾਰ ਰੁਪਏ ਅਤੇ ਬੈਸਟ ਬੈਟਸਮੈਨ ਤੇ ਬੈਸਟ ਬਾਲਰ ਨੂੰ 21-21 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਇਹ ਟੂਰਨਾਮੈਂਟ ਨੰਗਲ, ਸ੍ਰੀ ਅਨੰਦਪੁਰ ਸਾਹਿਬ ਅਤੇ ਕਾਹੀਵਾਲ ਵਿੱਚ ਕਰਵਾਇਆ ਜਾਵੇਗਾ, ਜਿਸ ਨਾਲ ਖੇਤਰ ਵਿੱਚ ਖੇਡਾਂ ਨੂੰ ਹੋਰ ਪ੍ਰਫੁੱਲਿਤ ਕਰਨ ਵਿੱਚ ਮਦਦ ਮਿਲੇਗੀ।

# ਪੰਜਾਬ 'ਚ ਬੇਅਦਬੀ ਵਿਰੁੱਧ ਕਾਨੂੰਨ ਅੱਜ ਤੋਂ ਲਾਗੂ, ਨੋਟੀਫ਼ਿਕੇਸ਼ਨ ਜਾਰੀ

ਚੰਡੀਗੜ੍ਹ, 20 ਅਪ੍ਰੈਲ (ਚ. ਨ. ਸ.): ਪੰਜਾਬ ਸਰਕਾਰ ਨੇ ਅੱਜ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਨਾਲ ਬੇਅਦਬੀ ਵਿਰੁੱਧ ਕਾਨੂੰਨ ਅੱਜ ਤੋਂ ਹੀ ਅਮਲ 'ਚ ਆ ਗਿਆ ਹੈ। ਪੰਜਾਬ ਦੇ ਰਾਜਪਾਲ ਨੇ 18 ਅਪ੍ਰੈਲ ਨੂੰ ਇਸ ਸੋਧ ਬਿੱਲ ਨੂੰ ਸਹਿਮਤੀ ਦੇ ਦਿੱਤੀ ਸੀ। ਪੰਜਾਬ ਦੇ ਕਾਨੂੰਨੀ ਤੇ ਵਿਧਾਨਿਕ ਮਾਮਲਿਆਂ ਬਾਰੇ ਵਿਭਾਗ ਨੇ ਅੱਜ ਇਸ ਐਕਟ ਬਾਰੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਅੱਜ ਨੋਟੀਫ਼ਿਕੇਸ਼ਨ ਜਾਰੀ ਕਰਕੇ ਬੇਅਦਬੀ ਵਿਰੁੱਧ ਕਾਨੂੰਨ ਨੂੰ ਲਾਗੂ ਕਰ ਦਿੱਤਾ ਹੈ।



ਪੰਜਾਬ 'ਚ ਸਾਲ 2015 'ਚ ਫ਼ਰੀਦਕੋਟ ਜ਼ਿਲ੍ਹੇ 'ਚ ਬੇਅਦਬੀ ਦੀਆਂ ਘਟਨਾਵਾਂ ਤੇਜ਼ੀ ਨਾਲ ਸ਼ੁਰੂ ਹੋਈਆਂ ਸਨ ਅਤੇ ਹੁਣ ਤੱਕ ਸੂਬੇ 'ਚ 597 ਬੇਅਦਬੀ ਦੇ ਕੇਸ ਸਾਹਮਣੇ ਆ ਚੁੱਕੇ ਹਨ। ਠੀਕ ਗਿਆਰਾਂ ਸਾਲ ਮਗਰੋਂ ਸਖ਼ਤ ਸਜ਼ਾਵਾਂ ਵਾਲਾ ਬੇਅਦਬੀ ਵਿਰੁੱਧ ਕਾਨੂੰਨ ਅਮਲ 'ਚ ਆਇਆ ਹੈ।ਪੰਜਾਬ ਵਿਧਾਨ ਸਭਾ ਨੇ 13 ਅਪ੍ਰੈਲ ਨੂੰ ਸਰਬਸੰਮਤੀ ਨਾਲ ਸੋਧ ਬਿੱਲ ਨੂੰ ਪਾਸ ਕਰ ਦਿੱਤਾ ਸੀ ਅਤੇ ਰਾਜਪਾਲ ਦੀ ਸਹਿਮਤੀ ਮਗਰੋਂ ਇਸ ਸੋਧ ਬਿੱਲ ਨੂੰ ਲੈ ਕੇ ਬਣੇ ਸਿਆਸੀ ਤੇ ਕਾਨੂੰਨੀ ਤੌਖਲੇ ਵੀ ਦੂਰ ਹੋ ਗਏ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਕਹਿ ਚੁੱਕੇ ਸਨ ਕਿ ਬੇਅਦਬੀ ਵਿਰੁੱਧ ਕਾਨੂੰਨ ਸਟੇਟ ਦੇ ਦਾਇਰੇ 'ਚ ਹੈ ਜਿਸ ਵਾਸਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਨਹੀਂ।ਅੱਜ ਨੋਟੀਫ਼ਿਕੇਸ਼ਨ ਜਾਰੀ ਹੋਣ ਮਗਰੋਂ ਸਮਾਣਾ 'ਚ 12 ਅਕਤੂਬਰ 2024 ਤੋਂ ਚੱਲ ਰਿਹਾ ਮੋਰਚਾ ਵੀ ਖ਼ਤਮ ਹੋਣ ਦੇ ਆਸਾਰ ਬਣ ਗਏ ਹਨ।

ਗ਼ੌਰਤਲਬ ਹੈ ਕਿ ਭਾਈ ਗੁਰਜੀਤ ਸਿੰਘ ਖ਼ਾਲਸਾ ਬੇਅਦਬੀ ਵਿਰੁੱਧ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਦੀ ਮੰਗ ਨੂੰ ਲੈ ਕੇ ਚਾਰ ਸੌ ਫੁੱਟ ਉੱਚੇ ਟਾਵਰ 'ਤੇ ਚੜ੍ਹੇ ਹੋਏ ਸਨ। ਨਵੇਂ ਕਾਨੂੰਨ ਅਨੁਸਾਰ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਕਿਸੇ ਵੀ ਕੰਮ 'ਚ ਸ਼ਾਮਲ ਜਾਂ ਅਜਿਹੀ ਸਾਜ਼ਿਸ਼ ਦਾ ਹਿੱਸਾ ਬਣਨ ਵਾਲੇ ਨੂੰ 10 ਸਾਲ ਤੋਂ ਉਮਰ ਕੈਦ ਦੀ ਸਜ਼ਾ ਹੋਵੇਗੀ ਅਤੇ ਇਸ ਕਾਨੂੰਨ 'ਚ ਪੰਜ ਲੱਖ ਤੋਂ 25 ਲੱਖ ਰੁਪਏ ਤੱਕ ਦੇ ਜੁਰਮਾਨਾ ਹੋਵੇਗਾ। ਇਸ ਤੋਂ ਇਲਾਵਾ ਜਾਇਦਾਦ ਜ਼ਬਤ ਕੀਤੇ ਜਾਣ ਦੀ ਵੀ ਵਿਵਸਥਾ ਇਸ ਕਾਨੂੰਨ 'ਚ ਕੀਤੀ ਗਈ ਹੈ।

ਪੰਜਾਬ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਆਖ਼ਰੀ ਕਦਮ ਵੀ ਮੁਕੰਮਲ ਕਰ ਲਿਆ ਹੈ। 'ਆਪ' ਸਰਕਾਰ ਹੁਣ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਏ ਜਾਣ ਮਗਰੋਂ ਇਸ ਕਦਮ ਦਾ ਸਿਆਸੀ ਲਾਹਾ ਵੀ ਲਵੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਹਰ ਫ਼ਰੰਟ 'ਤੇ ਘੇਰਨ ਦੀ ਕੋਸ਼ਿਸ਼ ਕਰੇਗੀ। ਸ਼੍ਰੋਮਣੀ ਅਕਾਲੀ ਦਲ ਸਮੇਤ ਬਾਕੀ ਵਿਰੋਧੀ ਧਿਰਾਂ ਨੇ ਵੀ ਇਸ ਨਵੇਂ ਕਾਨੂੰਨ ਦਾ ਸਵਾਗਤ ਕੀਤਾ ਹੈ। ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਬਾਕੀ ਧਰਮਾਂ ਦੀ ਬੇਅਦਬੀ ਖ਼ਿਲਾਫ਼ ਵੀ ਕਾਨੂੰਨ ਬਣਾਇਆ ਜਾਵੇ।

## ਮਾਨ ਸਰਕਾਰ ਦੀਆਂ ਨੀਤੀਆਂ ਸਦਕਾ ਹੁਣ ਵਿਦੇਸ਼ ਜਾਣ ਦੀ ਬਜਾਏ ਪੰਜਾਬ 'ਚ ਰਹਿ ਕੇ ਖ਼ੁਸ਼ ਹਨ ਨੌਜਵਾਨ: ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 20 ਅਪ੍ਰੈਲ (ਚ. ਨ. ਸ.): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਭਾਦਸੋਂ ਰੋਡ ਸਥਿਤ ਮਹਾਰਾਜਾ ਭੁਪਿੰਦਰ ਸਿੰਘ ਖੇਡ ਯੂਨੀਵਰਸਿਟੀ ਦੀ ਨਵੀਂ ਇਮਾਰਤ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਹਰ ਵਰਗ ਦੇ ਭਲੇ ਲਈ ਵਚਨਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਕਾਰਨ ਨਿਰਾਸ਼ ਹੋ ਕੇ ਵਿਦੇਸ਼ਾਂ ਦਾ ਰੁਖ ਕਰਨ ਵਾਲਾ ਪੰਜਾਬੀ ਨੌਜਵਾਨ ਹੁਣ ਆਪਣੇ ਸੂਬੇ ਵਿੱਚ ਰਹਿ ਕੇ ਸਰਕਾਰੀ ਨੌਕਰੀਆਂ ਪ੍ਰਾਪਤ ਕਰ ਰਿਹਾ ਹੈ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰ ਕੇ ਪੰਜਾਬ ਦਾ ਨਾਮ ਰੌਸ਼ਨ ਕਰ ਰਿਹਾ ਹੈ।



ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਸ ਵਾਰ ਖੇਡਾਂ ਦੇ ਬਜਟ ਵਿੱਚ ਇਤਿਹਾਸਕ ਵਾਧਾ ਕਰਦਿਆਂ 1791 ਕਰੋੜ ਰੁਪਏ ਰਾਖਵੇਂ ਰੱਖੇ ਹਨ। ਇਸ ਰਾਸ਼ੀ ਨਾਲ ਜਿੱਥੇ ਪਿੰਡ-ਪਿੰਡ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਉੱਥੇ ਹੀ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਰੁਜ਼ਗਾਰ ਦੇ ਵੱਡੇ ਮੌਕੇ ਵੀ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਹੁਣ ਤੱਕ ਡੇਢ ਲੱਖ ਕਰੋੜ ਰੁਪਏ ਦਾ ਨਿਵੇਸ਼ ਹੋ ਚੁੱਕਾ ਹੈ, ਜਿਸ ਨਾਲ 5 ਲੱਖ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ।

ਵਿੱਤ ਮੰਤਰੀ ਨੇ ਪਿਛਲੀਆਂ ਸਰਕਾਰਾਂ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਪਿਛਲੇ ਰਾਜ ਦੌਰਾਨ ਬੇਅਦਬੀ ਅਤੇ ਬਰਗਾੜੀ ਕਾਂਡ ਵਰਗੀਆਂ ਦੁਖਦਾਈ ਘਟਨਾਵਾਂ ਵਾਪਰੀਆਂ, ਜਿਨ੍ਹਾਂ ਨੇ ਸਿੱਖ ਕੌਮ ਦੇ ਹਿਰਦੇ ਵਲੂੰਦਰੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ' ਪਾਸ ਕਰਕੇ ਇੱਕ ਇਤਿਹਾਸਕ ਕਦਮ ਚੁੱਕਿਆ ਹੈ, ਤਾਂ ਜੋ ਪਵਿੱਤਰ ਗ੍ਰੰਥ ਦੀ ਮਰਿਆਦਾ ਅਤੇ ਸਤਿਕਾਰ ਨੂੰ ਕਾਇਮ ਰੱਖਿਆ ਜਾ ਸਕੇ। ਇਸ ਮੌਕੇ ਉਨ੍ਹਾਂ ਯੂਨੀਵਰਸਿਟੀ ਦੇ ਬੁਨਿਆਦੀ ਢਾਂਚੇ ਦਾ ਮੁਆਇਨਾ ਵੀ ਕੀਤਾ ਅਤੇ ਉਮੀਦ ਜਤਾਈ ਕਿ ਇਹ ਸੰਸਥਾ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ।

## ਕੇਂਦਰ ਨੇ ਪੰਜਾਬ 'ਚੋਂ ਕਣਕ ਦੀ ਸਿੱਧੀ ਚੁਕਾਈ ਲਈ ਟਰੇਨਾਂ ਦੀ ਗਿਣਤੀ ਵਧਾਈ

ਚੰਡੀਗੜ੍ਹ, 20 ਅਪ੍ਰੈਲ (ਚ. ਨ. ਸ.): ਕੇਂਦਰ ਸਰਕਾਰ ਨੇ ਪੰਜਾਬ 'ਚੋਂ ਕਣਕ ਦੀ ਸਿੱਧੀ ਚੁਕਾਈ ਲਈ ਹੱਥ ਖੋਲ੍ਹ ਦਿੱਤਾ ਹੈ। ਸੂਬੇ 'ਚੋਂ ਸਿੱਧੀ ਚੁਕਾਈ ਲਈ ਅੱਜ ਟਰੇਨਾਂ ਦੀ ਗਿਣਤੀ ਵਧਾ ਦਿੱਤੀ ਹੈ ਜਿਸ ਨਾਲ ਖ਼ਰੀਦ ਏਜੰਸੀਆਂ ਨੇ ਰਾਹਤ ਮਹਿਸੂਸ ਕੀਤੀ ਹੈ। ਕੇਂਦਰ ਸਰਕਾਰ ਵੱਲੋਂ ਖ਼ਰੀਦ ਮਾਪਦੰਡਾਂ 'ਚ ਛੋਟ ਦੇਣ ਦਾ ਮਾਮਲਾ ਲਟਕਣ ਨਾਲ ਮੰਡੀਆਂ 'ਚ ਕਣਕ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ ਸਨ ਅਤੇ ਇਸ ਮਾਮਲੇ ਨੇ ਸਿਆਸੀ ਰੰਗਤ ਫੜ ਲਈ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨੀਂ ਕੇਂਦਰੀ ਖ਼ੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੀਟਿੰਗ ਕਰ ਕੇ ਸੂਬੇ 'ਚੋਂ ਅਨਾਜ ਚੁੱਕਣ ਦਾ ਮੁੱਦਾ ਚੁੱਕਿਆ ਸੀ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਤੋਂ ਫ਼ਸਲ ਦੀ ਮੰਡੀਆਂ 'ਚੋਂ ਸਿੱਧੀ ਚੁਕਾਈ ਲਈ ਗੱਡੀਆਂ ਦੀ ਗਿਣਤੀ ਵਧਾਏ ਜਾਣ ਦੀ ਮੰਗ ਵੀ ਰੱਖੀ ਸੀ। ਭਾਰਤੀ ਖ਼ੁਰਾਕ ਨਿਗਮ ਨੇ ਅੱਜ ਸੂਬੇ 'ਚ ਕਰੀਬ ਇੱਕ ਦਰਜਨ ਥਾਵਾਂ ਤੋਂ ਟਰੇਨਾਂ 'ਚ ਕਣਕ ਦੀ ਜਿਣਸ ਦੀ ਮੰਡੀਆਂ 'ਚੋਂ ਸਿੱਧੀ ਲੋਡਿੰਗ ਕੀਤੀ ਹੈ। ਇੱਕ ਗੱਡੀ 'ਚ ਕਰੀਬ 56 ਹਜ਼ਾਰ ਬੋਰੀ ਲੋਡ ਹੁੰਦੀ ਹੈ। ਪਟਿਆਲਾ, ਸਰਹਿੰਦ, ਸੁਨਾਮ, ਸ਼ੇਖ਼ਾ, ਤਪਾ, ਤਰਨ ਤਾਰਨ, ਖ਼ਾਸਾ, ਭੁਲੱਥ, ਸ੍ਰੀ ਮੁਕਤਸਰ ਸਾਹਿਬ, ਮਲੋਟ, ਗੋਨਿਆਣਾ ਮੰਡੀ ਅਤੇ ਬੰਗਾ 'ਚੋਂ ਫ਼ਸਲ ਦੀ ਲੋਡਿੰਗ ਹੋਈ ਹੈ। ਵੇਰਵਿਆਂ ਅਨੁਸਾਰ ਪਹਿਲੇ ਦਿਨ ਦੋ ਅਤੇ ਦੂਜੇ ਦਿਨ ਚਾਰ ਗੱਡੀਆਂ ਲੋਡ ਹੋਈਆਂ ਸਨ।

ਪੰਜਾਬ 'ਚੋਂ ਹੁਣ ਤੱਕ 10.08 ਲੱਖ ਬੋਰੀ ਕਣਕ ਸਿੱਧੀ ਚੁਕਾਈ ਹੋ ਚੁੱਕੀ ਹੈ। ਖ਼ੁਰਾਕ ਤੇ ਸਪਲਾਈ ਵਿਭਾਗ ਵੱਲੋਂ ਭਾਰਤੀ ਖ਼ੁਰਾਕ ਨਿਗਮ ਨੂੰ ਰੋਜ਼ਾਨਾ ਪਲੈਨ ਚਾਰਟ ਦਿੱਤਾ ਜਾਂਦਾ ਹੈ ਜਿਸ 'ਚ ਪਹਿਲੇ ਨੰਬਰ 'ਤੇ ਤਰਜੀਹੀ ਮੰਡੀਆਂ ਦੀ ਸੂਚੀ ਹੁੰਦੀ ਹੈ। ਸੂਬਾ ਸਰਕਾਰ ਵੱਲੋਂ 22 ਲੱਖ ਮੀਟਰਿਕ ਟਨ ਕਣਕ ਦੀ ਸਿੱਧੀ ਚੁਕਾਈ ਦੀ ਯੋਜਨਾ ਬਣਾਈ ਗਈ ਹੈ। ਅਧਿਕਾਰੀਆਂ ਮੁਤਾਬਕ ਆਉਂਦੇ ਦਿਨਾਂ 'ਚ ਰੋਜ਼ਾਨਾ ਲੋਡ ਹੋਣ ਵਾਲੀਆਂ ਗੱਡੀਆਂ ਦਾ ਅੰਕੜਾ 20 ਤੱਕ ਪਹੁੰਚ ਸਕਦਾ ਹੈ। ਖ਼ਰੀਦ ਕੇਂਦਰਾਂ 'ਚ ਕਣਕ ਦੀ ਆਮਦ ਇਕਦਮ ਤੇਜ਼ ਹੋ ਗਈ ਹੈ ਅਤੇ ਖ਼ਰੀਦ ਦੇ ਕੰਮ ਨੇ ਵੀ ਰਫ਼ਤਾਰ ਫੜ ਲਈ ਹੈ।

## ਚੰਡੀਗੜ੍ਹ ਦੇ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

### ਪੁਲਿਸ ਨੇ ਲੋਕਾਂ ਨੂੰ ਅਫ਼ਵਾਹਾਂ ਤੋਂ ਬਚਣ ਦੀ ਦਿੱਤੀ ਸਲਾਹ

ਚੰਡੀਗੜ੍ਹ, 20 ਅਪ੍ਰੈਲ (ਚ.ਨ.ਸ.) : ਚੰਡੀਗੜ੍ਹ ਦੇ ਸੈਕਟਰ-42 ਸਥਿਤ ਡਾ. ਅੰਬੇਡਕਰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਕੰਟਰੋਲ ਰੂਮ ਤੋਂ ਸੁਨੇਹਾ ਮਿਲਣ ਤੋਂ ਬਾਅਦ ਪੁਲਿਸ ਤੁਰੰਤ ਅਲਰਟ ਹੋ ਗਈ ਅਤੇ ਕਾਲਜ ਕੈਂਪਸ ਵਿੱਚ ਵੱਡੇ ਪੱਧਰ 'ਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਰਿਪੋਰਟਾਂ ਅਨੁਸਾਰ, ਕੰਟਰੋਲ ਰੂਮ ਨੂੰ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲਾ ਸੁਨੇਹਾ ਮਿਲਿਆ। ਸੂਚਨਾ ਮਿਲਣ 'ਤੇ, ਚੰਡੀਗੜ੍ਹ ਪੁਲਿਸ ਦੀ ਇੱਕ ਟੀਮ, ਬੰਬ ਸਕੁਐਡ ਅਤੇ ਡੌਗ ਸਕੁਐਡ ਮੌਕੇ 'ਤੇ ਪਹੁੰਚੀ। ਪੂਰੇ ਕਾਲਜ ਕੈਂਪਸ ਨੂੰ ਘੇਰ ਲਿਆ ਗਿਆ ਅਤੇ ਪੂਰੀ ਤਲਾਸ਼ੀ ਲਈ ਗਈ। ਸਾਵਧਾਨੀ ਦੇ ਤੌਰ 'ਤੇ, ਪੁਲਿਸ ਨੇ ਤੁਰੰਤ ਕਾਲਜ ਵਿੱਚ ਮੌਜੂਦ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੂੰ ਬਾਹਰ ਕੱਢਿਆ ਅਤੇ ਆਉਣ-ਜਾਣ ਵਾਲੇ ਲੋਕਾਂ ਦੀ ਜਾਂਚ ਸ਼ੁਰੂ ਕਰ ਦਿੱਤੀ, ਤਾਂ ਜੋ ਕਿਸੇ ਵੀ ਸੰਭਾਵੀ ਖ਼ਤਰੇ ਤੋਂ ਬਚਿਆ ਜਾ ਸਕੇ। ਪੁਲਿਸ ਅਧਿਕਾਰੀਆਂ ਅਨੁਸਾਰ, ਤਲਾਸ਼ੀ ਮੁਹਿੰਮ ਦੌਰਾਨ ਕੋਈ ਸ਼ੱਕੀ ਵਸਤੂ ਨਹੀਂ ਮਿਲੀ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਧਮਕੀ ਝੂਠੀ ਹੈ, ਪਰ ਸੁਰੱਖਿਆ ਏਜੰਸੀਆਂ ਇਸਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ ਅਤੇ ਹਰ ਪਹਿਲੂ ਦੀ ਜਾਂਚ ਕਰ ਰਹੀਆਂ ਹਨ। ਸਾਈਬਰ ਸੁਰੱਖਿਆ ਟੀਮ ਨੂੰ ਧਮਕੀ ਭਰੇ ਸੁਨੇਹੇ ਦੇ ਸਰੋਤ ਦਾ ਪਤਾ ਲਗਾਉਣ ਦਾ ਕੰਮ ਸੌਂਪਿਆ ਗਿਆ ਹੈ। ਇਹ ਪਤਾ ਲਗਾਉਣ ਲਈ ਤਕਨੀਕੀ ਜਾਂਚ ਕੀਤੀ ਜਾ ਰਹੀ ਹੈ ਕਿ ਸੁਨੇਹਾ ਕਿੱਥੋਂ ਆਇਆ ਸੀ, ਇਹ ਕਿਸ ਡਿਵਾਈਸ ਤੋਂ ਭੇਜਿਆ ਗਿਆ ਸੀ, ਅਤੇ ਇਸਦੇ ਪਿੱਛੇ ਵਿਅਕਤੀ ਜਾਂ ਸਮੂਹ ਕੌਣ ਹੈ। ਪੁਲਿਸ ਮੋਬਾਈਲ ਨੰਬਰਾਂ, ਇੰਟਰਨੈਟ ਆਈਪੀ ਪਤਿਆਂ ਅਤੇ ਹੋਰ ਡਿਜੀਟਲ ਸੁਰਾਗਾਂ ਦੇ ਆਧਾਰ 'ਤੇ ਜਾਂਚ ਕਰ ਰਹੀ ਹੈ। ਚੰਡੀਗੜ੍ਹ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫਵਾਹ ਵੱਲ ਧਿਆਨ ਨਾ ਦੇਣ ਅਤੇ ਜੇਕਰ ਉਹ ਕਿਤੇ ਵੀ ਕੋਈ ਸ਼ੱਕੀ ਵਸਤੂ ਜਾਂ ਗਤੀਵਿਧੀ ਦੇਖਦੇ ਹਨ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰਨ। ਇਹ ਧਿਆਨ ਦੇਣ ਯੋਗ ਹੈ ਕਿ ਸ਼ਹਿਰ ਦੇ ਕਈ ਮਹੱਤਵਪੂਰਨ ਸਥਾਨਾਂ ਨੂੰ ਪਹਿਲਾਂ ਵੀ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਸਕੂਲਾਂ, ਪੰਜਾਬ ਸਕੱਤਰੇਤ, ਜ਼ਿਲ੍ਹਾ ਅਦਾਲਤ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਵੀ ਅਜਿਹੀਆਂ ਧਮਕੀਆਂ ਮਿਲੀਆਂ ਹਨ। ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਮੌਕੇ 'ਤੇ ਪਹੁੰਚ ਕੇ ਤਲਾਸ਼ੀ ਲਈ, ਪਰ ਜ਼ਿਆਦਾਤਰ ਮਾਮਲਿਆਂ ਵਿੱਚ, ਕੋਈ ਸ਼ੱਕੀ ਵਸਤੂ ਨਹੀਂ ਮਿਲੀ।

## ਅਮਰੀਕੀ ਫੌਜ ਨੇ ਈਰਾਨੀ ਮਾਲਵਾਹਕ ਜਹਾਜ਼ ਕੀਤਾ ਜ਼ਬਤ

ਦੁਬਈ, 20 ਅਪ੍ਰੈਲ (ਚ. ਨ. ਸ.): ਈਰਾਨ ਦੇ ਝੰਡੇ ਵਾਲੇ ਮਾਲਵਾਹਕ ਜਹਾਜ਼ ਨੂੰ ਅਮਰੀਕਾ ਦੀ ਸਮੁੰਦਰੀ ਫੌਜ ਵੱਲੋਂ ਜ਼ਬਰਦਸਤੀ ਜ਼ਬਤ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ 'ਚ ਹੋਣ ਵਾਲੀ ਦੂਜੇ ਦੌਰ ਦੀ ਗੱਲਬਾਤ 'ਤੇ ਸੰਕਟ ਛਾ ਗਿਆ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਿਹਾ ਗਿਆ ਸੀ ਕਿ ਅਮਰੀਕੀ ਵਾਰਤਾਕਾਰ ਇਰਾਨ ਨਾਲ ਦੂਜੇ ਦੌਰ ਦੀ ਵਾਰਤਾ ਲਈ ਸੋਮਵਾਰ ਨੂੰ ਪਾਕਿਸਤਾਨ ਰਵਾਨਾ ਹੋਣਗੇ। ਐਤਵਾਰ ਨੂੰ ਟਰੰਪ ਵੱਲੋਂ ਕੀਤੇ ਗਏ ਇਸ ਐਲਾਨ ਤੋਂ ਬਾਅਦ ਜੰਗਬੰਦੀ ਦੀ ਸਮਾਂ ਸੀਮਾ ਵਧਣ ਦੀਆਂ ਉਮੀਦਾਂ ਪੈਦਾ ਹੋ ਗਈਆਂ ਸਨ। ਉਧਰ ਇਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਇਸਮਾਈਲ ਬਘਾਈ ਨੇ ਸੋਮਵਾਰ ਨੂੰ ਕਿਹਾ ਕਿ ਇਰਾਨ ਨੇ ਅਜੇ ਤੱਕ ਅਮਰੀਕਾ ਨਾਲ ਵਾਰਤਾ ਵਿੱਚ ਸ਼ਾਮਲ ਹੋਣ ਦੀ ਕੋਈ ਯੋਜਨਾ ਨਹੀਂ ਬਣਾਈ ਹੈ। ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਨੇ ਐਤਵਾਰ ਨੂੰ ਹੋਰਮੁਜ਼ ਜਲਡਮਰੂਮੱਧ ਦੇ ਨੇੜੇ ਸਮੁੰਦਰੀ ਫੌਜ ਦੀ ਨਾਕਾਬੰਦੀ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਮਾਲਵਾਹਕ ਜਹਾਜ਼ ਨੂੰ ਜ਼ਬਤ ਕਰ ਲਿਆ ਹੈ । ਪਿਛਲੇ ਹਫ਼ਤੇ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਸ਼ੁਰੂ ਹੋਣ ਤੋਂ ਬਾਅਦ ਅਮਰੀਕੀ ਫੌਜ ਨੇ ਪਹਿਲੀ ਵਾਰ ਕਿਸੇ ਜਹਾਜ਼ ਨੂੰ ਰੋਕਿਆ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕੀ ਫੌਜ ਦੇ ਇੱਕ ਗਾਈਡਿਡ ਮਿਸਾਈਲ ਵਿਧਵੰਸਕ ਨੇ ਹਮਲਾ ਕਰਕੇ ਜਹਾਜ਼ਾਂ ਨੂੰ ਉੱਥੇ ਹੀ ਰੋਕ ਦਿੱਤਾ। ਅਮਰੀਕੀ ਫੌਜ ਨੇ ਤੂਸਕਾ ਨਾਮਕ ਜਹਾਜ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਉਹ ਜਹਾਜ਼ ਦੀ ਤਲਾਸ਼ੀ ਲੈ ਰਹੇ ਹਨ। ਇਰਾਨ ਦੀ ਸਾਂਝੀ ਫੌਜੀ ਕਮਾਨ ਨੇ ਕਿਹਾ ਕਿ ਇਰਾਨ ਜਲਦ ਹੀ ਇਸ ਦਾ ਜਵਾਬ ਦੇਵੇਗਾ। ਇਰਾਨ ਨੇ ਅਮਰੀਕੀ ਇਸ ਕਾਰਵਾਈ ਨੂੰ ਲੁੱਟਮਾਰ ਕਰਾਰ ਦਿੱਤਾ ਹੈ। ਜਦਕਿ ਕਾਰਗੋ ਜਹਾਜ਼ 'ਤੇ ਅਮਰੀਕੀ ਮਰੀਨਜ਼ ਵੱਲੋਂ ਉਤਰਨ ਦੀ ਵੀਡੀਓ ਵੀ ਜਾਰੀ ਕੀਤੀ ਗਈ ਹੈ।

## ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਅਧੀਨ 728.48 ਕਰੋੜ ਰੁਪਏ ਜਾਰੀ, 1.43 ਲੱਖ ਤੋਂ ਵੱਧ ਪਰਿਵਾਰਾਂ ਨੂੰ ਮਿਲਿਆ ਸਿੱਧਾ ਲਾਭ : ਡਾ. ਬਲਜੀਤ ਕੌਰ

ਚੰਡੀਗੜ੍ਹ, 20 ਅਪ੍ਰੈਲ (ਚ. ਨ. ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜਿਕ ਨਿਆਂ ਅਤੇ ਲੋਕ ਭਲਾਈ ਨੂੰ ਤਰਜੀਹ ਦਿੰਦਿਆਂ ਗਰੀਬ ਅਤੇ ਲੋੜਵੰਦ ਵਰਗਾਂ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਅਸ਼ੀਰਵਾਦ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਲਈ 728.48 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨਾਲ 1.43 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਸਿੱਧਾ ਲਾਭ ਮਿਲਿਆ ਹੈ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਅਸ਼ੀਰਵਾਦ ਸਕੀਮ ਗਰੀਬ ਪਰਿਵਾਰਾਂ ਲਈ ਇੱਕ ਮਜ਼ਬੂਤ ਸਹਾਰਾ ਬਣ ਕੇ ਉਭਰੀ ਹੈ, ਜਿਸ ਨਾਲ ਧੀਆਂ ਦੇ ਵਿਆਹ ਸਮੇਂ ਪਰਿਵਾਰਾਂ ਉੱਤੇ ਪੈਣ ਵਾਲਾ ਆਰਥਿਕ ਬੋਝ ਘੱਟ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੰਤਵ ਕੇਵਲ ਆਰਥਿਕ ਸਹਾਇਤਾ ਦੇਣਾ ਹੀ ਨਹੀਂ, ਸਗੋਂ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਆਤਮ-ਸਨਮਾਨ, ਸੁਰੱਖਿਆ ਅਤੇ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣਾ ਵੀ ਹੈ।



ਮੰਤਰੀ ਨੇ ਦੱਸਿਆ ਕਿ ਕੋਈ ਵੀ ਪਰਿਵਾਰ ਜੋ ਪੰਜਾਬ ਦਾ ਪੱਕਾ ਨਿਵਾਸੀ ਹੋਵੇ ਅਤੇ ਗਰੀਬੀ ਰੇਖਾ ਤੋਂ ਹੇਠਾਂ ਆਉਂਦਾ ਹੋਵੇ, ਅਤੇ ਜੋ ਅਨੁਸੂਚਿਤ ਜਾਤੀਆਂ, ਪੱਛੜੇ ਵਰਗਾਂ ਜਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਹੋਵੇ, ਉਹ ਇਸ ਸਕੀਮ ਦਾ ਲਾਭ ਲੈਣ ਲਈ ਯੋਗ ਹੈ। ਉਨ੍ਹਾਂ ਹੋਰ ਦੱਸਿਆ ਕਿ ਇੱਕ ਪਰਿਵਾਰ ਦੀਆਂ ਦੋ ਧੀਆਂ ਦੇ ਵਿਆਹ ਲਈ ਇਸ ਸਕੀਮ ਤਹਿਤ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਜਦੋਂ ਕਿਸੇ ਗਰੀਬ ਪਰਿਵਾਰ ਦੀ ਧੀ ਦਾ ਵਿਆਹ ਹੁੰਦਾ ਹੈ ਤਾਂ ਮਾਪਿਆਂ ਲਈ ਇਹ ਖੁਸ਼ੀ ਦੇ ਨਾਲ ਨਾਲ ਚਿੰਤਾ ਦਾ ਵੀ ਸਮਾਂ ਹੁੰਦਾ ਹੈ, ਪਰ ਪੰਜਾਬ ਸਰਕਾਰ ਦੀ ਅਸ਼ੀਰਵਾਦ ਸਕੀਮ ਨੇ ਹਜ਼ਾਰਾਂ ਪਰਿਵਾਰਾਂ ਦੀਆਂ ਚਿੰਤਾਵਾਂ ਘਟਾ ਕੇ ਉਨ੍ਹਾਂ ਦੇ ਘਰਾਂ ਵਿੱਚ ਖੁਸ਼ੀਆਂ ਦੇ ਦੀਵੇ ਜਗਾਏ ਹਨ। ਉਨ੍ਹਾਂ ਕਿਹਾ ਕਿ ਇਹ ਸਕੀਮ ਗਰੀਬ ਮਾਪਿਆਂ ਲਈ ਇੱਕ ਮਜ਼ਬੂਤ ਸਹਾਰਾ ਬਣ ਰਹੀ ਹੈ, ਜਿਸ ਨਾਲ ਉਹ ਆਪਣੀਆਂ ਧੀਆਂ ਨੂੰ ਇੱਜ਼ਤ, ਸਨਮਾਨ ਅਤੇ ਖੁਸ਼ਹਾਲ ਭਵਿੱਖ ਨਾਲ ਵਿਦਾ ਕਰਨ ਦੇ ਯੋਗ ਬਣ ਰਹੇ ਹਨ।ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਹਰ ਯੋਗ ਲਾਭਪਾਤਰੀ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਸਕੀਮ ਦਾ ਲਾਭ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਅਰਜ਼ੀਆਂ ਦੇ ਨਿਪਟਾਰੇ ਵਿੱਚ ਦੇਰੀ ਨਾ ਕੀਤੀ ਜਾਵੇ ਤਾਂ ਜੋ ਕੋਈ ਵੀ ਲੋੜਵੰਦ ਪਰਿਵਾਰ ਸਰਕਾਰੀ ਸਹਾਇਤਾ ਤੋਂ ਵਾਂਝਾ ਨਾ ਰਹੇ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜਿਕ ਨਿਆਂ ਅਤੇ ਲੋਕ ਭਲਾਈ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਲੋਕ-ਹਿਤੈਸ਼ੀ ਸਕੀਮਾਂ ਰਾਹੀਂ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਜਾਰੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਟੀਚਾ ਹਰ ਧੀ ਦੇ ਚਿਹਰੇ 'ਤੇ ਮੁਸਕਾਨ ਲਿਆਉਣਾ ਅਤੇ ਹਰ ਪਰਿਵਾਰ ਨੂੰ ਮਜ਼ਬੂਤ ਬਣਾਉਣਾ ਹੈ।

## 3 ਸਾਲਾ ਬੱਚੀ ਸਮੇਤ ਮਾਪਿਆਂ ਨੇ ਕੀਤੀ ਖ਼ੁਦਕੁਸ਼ੀ

ਕੁਰੂਕਸ਼ੇਤਰ, 20 ਅਪ੍ਰੈਲ (ਚ.ਨ.ਸ.):ਹਰਿਆਣਾ ਦੇ ਕੁਰੂਕਸ਼ੇਤਰ ਵਿੱਚ, ਇੱਕ ਪੂਰੇ ਪਰਿਵਾਰ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕਾਂ ਵਿੱਚ ਇੱਕ ਪਤੀ, ਪਤਨੀ ਅਤੇ ਉਨ੍ਹਾਂ ਦੀ 3 ਸਾਲ ਦੀ ਧੀ ਸ਼ਾਮਲ ਸੀ। ਪੁਲਿਸ ਦੇ ਅਨੁਸਾਰ, ਪਰਿਵਾਰ ਆਪਣੀ ਧੀ ਦੀ ਗੰਭੀਰ ਬਿਮਾਰੀ ਤੋਂ ਬਹੁਤ ਦੁਖੀ ਸੀ। ਇਸ ਤਣਾਅ ਵਿੱਚ, ਮਾਪਿਆਂ ਨੇ ਆਪਣੀ ਧੀ ਸਮੇਤ ਆਪਣੇ ਆਪ ਨੂੰ ਫਾਹਾ ਲਗਾ ਲਿਆ। ਅੱਜ ਸਵੇਰੇ 6:30 ਵਜੇ, ਸੁਭਾਸ਼ ਮੰਡੀ ਪੁਲਿਸ ਸਟੇਸ਼ਨ ਨੂੰ ਸੂਚਨਾ ਮਿਲੀ ਕਿ ਪ੍ਰੇਮ ਨਗਰ ਕਲੋਨੀ ਦੇ ਇੱਕ ਘਰ ਵਿੱਚ ਤਿੰਨ ਲੋਕਾਂ ਨੇ ਫਾਹਾ ਲੈ ਲਿਆ ਹੈ। ਪੁਲਿਸ ਤੁਰੰਤ ਮੌਕੇ 'ਤੇ ਪਹੁੰਚੀ ਤਾਂ ਇੱਕ ਪਤੀ, ਪਤਨੀ ਅਤੇ ਉਨ੍ਹਾਂ ਦੀ ਤਿੰਨ ਸਾਲ ਦੀ ਧੀ ਦੀ ਪੱਖੇ ਨਾਲ ਲਟਕਦੀ ਲਾਸ਼ ਮਿਲੀ। ਤਿੰਨਾਂ ਨੂੰ ਤੁਰੰਤ ਹੇਠਾਂ ਉਤਾਰਿਆ ਗਿਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਸਥਾਨ 'ਤੇ ਇੱਕ ਸੁਸਾਈਡ ਨੋਟ ਵੀ ਮਿਲਿਆ। ਮ੍ਰਿਤਕਾਂ ਦੀ ਪਛਾਣ ਜਤਿੰਦਰ ਕੁਮਾਰ (30), ਉਸ ਦੀ ਪਤਨੀ ਮੰਜੂ (28) ਅਤੇ ਧੀ ਅਦਵਿਕਾ ਵਜੋਂ ਹੋਈ ਹੈ। ਜਤਿੰਦਰ ਰੇਲਵੇ ਮੇਲ ਸਰਵਿਸ ਵਿੱਚ ਕੰਮ ਕਰਦਾ ਸੀ। ਜਤਿੰਦਰ ਕੁਮਾਰ ਦੇ ਪਿਤਾ ਮਹਿੰਦਰ ਸਿੰਘ ਇੱਕ ਸੇਵਾਮੁਕਤ ਪੰਜਾਬ ਪੁਲਿਸ ਅਧਿਕਾਰੀ ਸਨ। ਉਨ੍ਹਾਂ ਦਾ ਲਗਭਗ ਛੇ ਮਹੀਨੇ ਪਹਿਲਾਂ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਪਰਿਵਾਰ ਵਿੱਚ ਸਿਰਫ਼ ਉਨ੍ਹਾਂ ਦੀ ਮਾਂ ਬਿਮਲਾ ਦੇਵੀ ਅਤੇ ਉਨ੍ਹਾਂ ਦਾ ਭਰਾ ਪ੍ਰਤੀਕ ਹੈ, ਜੋ ਆਪਣੀ ਪਤਨੀ ਅਤੇ ਬੱਚਿਆਂ ਨਾਲ ਕੈਨੇਡਾ ਵਿੱਚ ਰਹਿੰਦਾ ਹੈ। ਕ੍ਰਿਸ਼ਨਾ ਗੇਟ ਪੁਲਿਸ ਸਟੇਸ਼ਨ ਦੇ ਸਟੇਸ਼ਨ ਹਾਊਸ ਅਫਸਰ (ਐਸਐਚਓ) ਬਲਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਿਸ ਨੂੰ ਘਟਨਾ ਸਥਾਨ ਤੋਂ ਇੱਕ ਸੁਸਾਈਡ ਨੋਟ ਮਿਲਿਆ ਹੈ ਅਤੇ ਇਸਦੀ ਜਾਂਚ ਕੀਤੀ ਜਾ ਰਹੀ ਹੈ।

## ਬੇਅਦਬੀ ਜਾਂਚ 'ਚ ਹੁਣ ਸਿਰਫ਼ ਮੁਲਜ਼ਮ ਹੀ ਨਹੀਂ, ਸਾਜ਼ਿਸ਼ਘਾੜੇ ਵੀ ਨੇ ਬਰਾਬਰ ਨਿਸ਼ਾਨੇ 'ਤੇ

ਚੰਡੀਗੜ੍ਹ, 20 ਅਪ੍ਰੈਲ (ਚ. ਨ. ਸ.): ਪੰਜਾਬ 'ਚ ਬੇਅਦਬੀ ਮਾਮਲਿਆਂ ਦੀ ਜਾਂਚ ਹੁਣ ਨਵੇਂ ਅਤੇ ਸਖ਼ਤ ਢਾਂਚੇ 'ਚ ਅੱਗੇ ਵਧੇਗੀ, ਜਿੱਥੇ ਹਰ ਕੇਸ 'ਚ ਸਿਰਫ ਘਟਨਾ ਸਥਾਨ 'ਤੇ ਫੜੇ ਗਏ ਦੋਸ਼ੀ ਹੀ ਨਹੀਂ, ਬਲਕਿ ਉਸਦੇ ਪਿੱਛੇ ਲੁਕੇ ਸਾਜ਼ਿਸ਼ਗਾੜੇ ਨੂੰ ਵੀ ਬਰਾਬਰ ਨਿਸ਼ਾਨੇ 'ਤੇ ਲਿਆ ਜਾਵੇਗਾ। ਪੰਜਾਬ ਬਿਊਰੋ ਆਫ ਇਨਵੇਸਟਿਗੇਸ਼ਨ (ਪੀਬੀਆਈ) ਦੀ ਨਵੀਂ ਐਸਓਪੀ ਨੇ ਜਾਂਚ ਦਾ ਪੂਰਾ ਐਂਗਲ ਬਦਲ ਦਿੱਤਾ ਹੈ ਅਤੇ ਇਸਨੂੰ 'ਡਿਊਅਲ ਟ੍ਰੈਕ' ਮਾਡਲ 'ਤੇ ਲਿਆ ਗਿਆ ਹੈ। ਪੁਲਿਸ ਅਧਿਕਾਰੀਆਂ ਦੇ ਅਨੁਸਾਰ, ਪਿਛਲੇ ਕਈ ਮਾਮਲਿਆਂ 'ਚ ਇਹ ਪੈਟਰਨ ਸਾਹਮਣੇ ਆਇਆ ਕਿ ਘਟਨਾ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਅਕਸਰ ਮਾਨਸਿਕ ਤੌਰ 'ਤੇ ਅਸਥਿਰ ਜਾਂ ਭਰਮ 'ਚ ਹੁੰਦਾ ਹੈ, ਜਦਕਿ ਅਸਲੀ ਸਾਜ਼ਿਸ਼ਕਾਰ ਪਰਦੇ ਦੇ ਪਿੱਛੇ ਸਾਰਾ ਨੈੱਟਵਰਕ ਚਲਾਉਂਦਾ ਹੈ। ਇਸਨੂੰ ਧਿਆਨ 'ਚ ਰੱਖਦਿਆਂ ਹੁਣ ਹਰ ਦੋਸ਼ੀ ਦੀ ਫੋਰੈਂਸਿਕ ਸਾਇਕੀਟ੍ਰਿਕ ਜਾਂਚ ਕਰਵਾਈ ਜਾਏਗੀ, ਤਾਂ ਜੋ ਉਸਦੀ ਭੂਮਿਕਾ ਅਤੇ ਮਨਸ਼ਾ ਸਪਸ਼ਟ ਹੋ ਸਕੇ। ਜਾਂਚ ਦਾ ਦਾਇਰਾ ਹੁਣ ਡਿਜ਼ੀਟਲ ਅਤੇ ਵਿੱਤੀ ਟਰੇਲ ਤੱਕ ਵਧਾ ਦਿੱਤਾ ਗਿਆ ਹੈ। ਏਐਂਟੀਐੱਫ ਅਤੇ ਸਾਈਬਰ ਕ੍ਰਾਈਮ ਵਿੰਗ ਦੇ ਨਾਲ ਸਹਿਯੋਗ ਕਰਕੇ ਪੁਲਿਸ ਦੋਸ਼ੀ ਦੇ ਮੋਬਾਈਲ, ਸੋਸ਼ਲ ਮੀਡੀਆ ਅਕਾਊਂਟ, ਕਾਲ ਡੀਟੇਲਸ ਅਤੇ ਚੈਟ ਹਿਸਟਰੀ ਨੂੰ ਜਾਂਚੇਗੀ। ਤਾਂ ਜੋ ਉਸ ਦੂਜੇ ਵਿਅਕਤੀ ਜਾਂ ਨੈੱਟਵਰਕ ਤੱਕ ਪਹੁੰਚ ਕੀਤੀ ਜਾ ਸਕੇ ਜੋ ਇਸ ਸਾਜ਼ਿਸ਼ ਦੇ ਪਿੱਛੇ ਹੋ ਸਕਦਾ ਹੈ। ਕ੍ਰਿਪਟੋਕਰੰਸੀ ਟ੍ਰਾਂਜ਼ੈਕਸ਼ਨ 'ਤੇ ਵੀ ਵਿਸ਼ੇਸ਼ ਨਜ਼ਰ ਰਹੇਗੀ, ਜਿਸ ਨਾਲ ਇਹ ਪਤਾ ਲਾਇਆ ਜਾ ਸਕੇ ਕਿ ਕੋਈ ਵਿਦੇਸ਼ ਤੋਂ ਫੰਡਿੰਗ ਤਾਂ ਨਹੀਂ ਹੋ ਰਹੀ। ਘਟਨਾ 'ਤੇ ਧਾਰਮਿਕ ਮਰਿਆਦਾ ਦਾ ਪਾਲਣ ਜ਼ਰੂਰੀ ਰਹੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਨੂੰ ਪੂਰੀ ਸ਼ਰਧਾ ਨਾਲ ਸੰਭਾਲਿਆ ਜਾਵੇਗਾ ਅਤੇ ਸਬੂਤ ਇਕੱਠੇ ਕਰਨ ਤੋਂ ਪਹਿਲਾਂ ਹਾਈ-ਰੈਜ਼ੋਲੂਸ਼ਨ ਫੋਟੋ ਅਤੇ ਵੀਡੀਓ ਰਿਕਾਰਡਿੰਗ ਕੀਤੀ ਜਾਏਗੀ। ਜਾਂਚ ਦੀ ਸਮਾਂ ਹੱਦ ਨੂੰ ਲੈ ਕੇ ਵੀ ਸਖ਼ਤ ਤਜਵੀਜ ਕੀਤੀ ਗਈ ਹੈ। ਸੱਤ ਸਾਲ ਜਾਂ ਉਸ ਤੋਂ ਵੱਧ ਸਜ਼ਾ ਵਾਲੇ ਮਾਮਲਿਆਂ 'ਚ 90 ਦਿਨ ਅਤੇ ਹੋਰ ਮਾਮਲਿਆਂ 'ਚ 60 ਦਿਨਾਂ ਦੇ ਅੰਦਰ ਜਾਂਚ ਪੂਰੀ ਕਰਨੀ ਹੋਵੇਗੀ। ਡਿਜ਼ੀਟਲ ਸਬੂਤਾਂ ਨੂੰ ਅਦਾਲਤ 'ਚ ਮੰਨਣਯੋਗ ਬਣਾਉਣ ਲਈ ਭਾਰਤੀ ਸਬੂਤ ਐਕਟ, 2023 ਦੇ ਤਹਿਤ ਪ੍ਰਮਾਣ ਪੱਤਰ ਜ਼ਰੂਰੀ ਹੋਵੇਗਾ। ਪੀਬੀਆਈ ਨਿਰਦੇਸ਼ਕ ਐੱਲ ਕੇ ਯਾਦਵ ਨੇ ਕਿਹਾ, 'ਇਹਨਾਂ ਮਾਮਲਿਆਂ ਦੀ ਜਾਂਚ 'ਚ ਫੋਰੈਂਸਿਕ ਸਟੀਕਤਾ, ਸਬੂਤਾਂ ਦੀ ਰੱਖਿਆ ਅਤੇ ਧਾਰਮਿਕ ਸੰਵੇਦਨਸ਼ੀਲਤਾ ਦੇ ਵਿਚਕਾਰ ਸੰਤੁਲਨ ਜ਼ਰੂਰੀ ਹੈ। ਸਾਡੀ ਪਹਿਲਕਦਮੀ ਹੈ ਕਿ ਜਾਂਚ ਤੇਜ਼, ਪਾਰਦਰਸ਼ੀ ਅਤੇ ਨਿਰਪੱਖ ਹੋਵੇ।' ਉਨ੍ਹਾਂ ਨੇ ਕਿਹਾ ਕਿ ਨਵੀਂ ਐਸਓਪੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਿਰਫ ਘਟਨਾ ਸਥਾਨ 'ਤੇ ਮੌਜੂਦ ਮੁਲਜ਼ਮ ਹੀ ਨਹੀਂ, ਬਲਕਿ ਉਸ ਦੇ ਪਿੱਛੇ ਲੁਕਿਆ ਪੂਰਾ ਨੈੱਟਵਰਕ ਅਤੇ ਸਾਜਿਸ਼ਕਾਰਾਂ ਨੂੰ ਕਾਨੂੰਨ ਦੇ ਦਾਇਰੇ 'ਚ ਲਿਆਇਆ ਜਾਵੇ।

## 1984 ਸਿੱਖ ਕਤਲੇਆਮ ਦੇ ਪੀੜਤਾਂ ਨੇ ਇਨਸਾਫ਼ ਲਈ ਜਥੇਦਾਰ ਦਾਦੂਵਾਲ ਨੂੰ ਸੌਂਪਿਆ ਮੰਗ ਪੱਤਰ

ਗੂਹਲਾ ਚੀਕਾ, 20 ਅਪ੍ਰੈਲ (ਚ. ਨ. ਸ.): ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਸੋਚੀ ਸਮਝੀ ਸਾਜਿਸ਼ ਦੇ ਤਹਿਤ ਟਾਰਗੇਟ ਕਰਕੇ ਸਿੱਖ ਕਤਲੇਆਮ ਕੀਤਾ ਗਿਆ ਜਿਸ ਦਾ ਅਜੇ ਤੱਕ ਪੂਰਾ ਇਨਸਾਫ਼ ਪੀੜਤ ਪਰਿਵਾਰਾਂ ਨੂੰ ਨਹੀਂ ਮਿਲਿਆ। ਪਿਛਲੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਦੀ ਭਾਰਤ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਜ਼ਖਮਾਂ 'ਤੇ ਮੱਲ੍ਹਮ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਤਹਿਤ ਕਾਂਗਰਸੀ ਆਗੂ ਸੱਜਣ ਕੁਮਾਰ ਸਮੇਤ ਕੁਝ ਦੋਸ਼ੀਆਂ ਨੂੰ ਸਜਾਵਾਂ, ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਗਈਆਂ ਹਨ, ਪਰ ਅਜੇ ਵੀ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਪੂਰਨ ਇਨਸਾਫ਼ ਪ੍ਰਾਪਤ ਨਹੀਂ ਹੋਇਆ। ਮੀਡੀਆ ਨੂੰ ਇੱਕ ਲਿਖਤੀ ਪ੍ਰੈੱਸਨੋਟ ਜਾਰੀ ਕਰਦਿਆਂ ਜਥੇਦਾਰ ਦਾਦੂਵਾਲ ਦੇ ਮੀਡੀਆ ਇੰਚਾਰਜ ਭਾਈ ਜਗਮੀਤ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੇ ਪਿੰਡ ਹੋਂਦ ਚਿੱਲੜ ਰਿਵਾੜੀ ਗੁੜਗਾਓਂ ਸਿਰਸਾ ਸਮੇਤ ਵੱਖ-ਵੱਖ ਥਾਵਾਂ ਤੋਂ ਨਵੰਬਰ 1984 ਦੌਰਾਨ ਕਾਂਗਰਸ ਦੀ ਸਰਕਾਰ ਵੱਲੋਂ ਕੀਤੇ ਕੀਤੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰ 'ਹੋਂਦ ਚਿੱਲੜ ਸਿੱਖ ਇਨਸਾਫ਼ ਕਮੇਟੀ' ਦੇ ਸੰਚਾਲਕ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿੱਚ ਇੱਕ ਵਫ਼ਦ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੂੰ ਮਿਲਣ ਪਹੁੰਚੇ ਅਤੇ ਉਨ੍ਹਾਂ ਨੇ ਇੱਕ ਮੰਗ ਪੱਤਰ ਜਥੇਦਾਰ ਦਾਦੂਵਾਲ ਨੂੰ ਸੌਂਪਿਆ। ਜਥੇਦਾਰ ਦਾਦੂਵਾਲ ਨੇ ਭਾਈ ਘੋਲੀਆ ਦੀ ਅਗਵਾਈ ਵਿੱਚ ਪਹੁੰਚੇ ਪੀੜਤ ਪਰਿਵਾਰਾਂ ਦੇ ਵਫ਼ਦ ਨੂੰ ਜਲਦੀ ਹੀ ਮਾਣਯੋਗ ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿੱਤਾ। ਭਾਈ ਬਰਾੜ ਨੇ ਦੱਸਿਆ ਕੇ ਪਿਛਲੇ ਸਮੇਂ ਹਰਿਆਣਾ ਸਰਕਾਰ ਵੱਲੋਂ ਮਾਣਯੋਗ ਟੀਪੀ ਗਰਗ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੀੜਤ ਪਰਿਵਾਰਾਂ ਨੂੰ 22 ਕਰੋੜ 60 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਗਿਆ ਸੀ। ਸਾਲ 2025 ਵਿੱਚ ਨਾਇਬ ਸਿੰਘ ਸੈਣੀ ਹਰਿਆਣਾ ਸਰਕਾਰ ਵੱਲੋਂ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ 121 ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ ਸੀ, ਜਿਸ ਵਿੱਚ 34 ਪਰਿਵਾਰਾਂ ਦੇ ਬੱਚੇ-ਬੱਚੀਆਂ ਨੂੰ ਨਿਯੁਕਤੀ ਪੱਤਰ 24 ਨਵੰਬਰ 2025 ਨੂੰ ਪੰਚਕੂਲਾ ਵਿਖੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੀ ਹਾਜ਼ਰੀ ਵਿੱਚ ਦਿੱਤੇ ਗਏ ਸਨ। ਭਾਈ ਬਰਾੜ ਨੇ ਦੱਸਿਆ ਕੇ ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਨੂੰ ਮੰਗ ਪੱਤਰ ਵਿੱਚ ਦੱਸਿਆ ਕੇ ਉਨ੍ਹਾਂ ਨੂੰ ਯੋਗਤਾ ਮੁਤਾਬਿਕ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਇਸ ਲਈ 34 ਵਿੱਚੋਂ 31 ਪਰਿਵਾਰਾਂ ਨੇ ਨਿਯੁਕਤੀ ਪੱਤਰ ਸਰਕਾਰ ਨੂੰ ਵਾਪਿਸ ਕਰ ਦਿੱਤੇ ਸਨ। ਪੀੜਤ ਪਰਿਵਾਰਾਂ ਨੇ ਜਥੇਦਾਰ ਦਾਦੂਵਾਲ ਕੋਲ ਪਹੁੰਚ ਕਰਕੇ ਮੰਗ ਕੀਤੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਯੋਗਤਾ ਦੇ ਆਧਾਰ ਉੱਪਰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ ਅਤੇ ਜੋ ਪੀੜਤ ਪਰਿਵਾਰ ਵਾਂਝੇ ਰਹਿ ਗਏ ਹਨ ਉਨ੍ਹਾਂ ਨੂੰ ਵੀ ਮੁਆਵਜ਼ਾ ਅਤੇ ਨੌਕਰੀਆਂ ਦਿਵਾਈਆਂ ਜਾਣ। ਭਾਈ ਬਰਾੜ ਨੇ ਦੱਸਿਆ ਕੇ ਹੋਂਦ ਚਿੱਲੜ ਪਰਿਵਾਰ ਜਿੱਥੇ ਇੱਕੋ ਦਿਨ ਵਿੱਚ 32 ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਜਿਨਾਂ ਵਿੱਚ 31 ਹੋਂਦ ਚਿੱਲੜ ਅਤੇ ਇੱਕ ਭਾਈ ਇੰਦਰਜੀਤ ਸਿੰਘ ਬਟਾਲਾ ਗੁਰਦਾਸਪੁਰ ਦਾ ਇੱਕ ਫੌਜੀ ਸਿੱਖ ਜੋ ਬਦਲੇ ਹਾਲਾਤਾਂ ਕਾਰਨ ਹੋਂਦ ਚਿੱਲੜ ਰੇਲਵੇ ਸਟੇਸ਼ਨ 'ਤੇ ਉੱਤਰ ਕੇ ਸਿੱਖਾਂ ਦੀ ਢਾਣੀ ਹੋਂਦ ਚਿੱਲੜ ਵਿਖੇ ਰਾਤ ਕੱਟਣ ਪਹੁੰਚਿਆ ਸੀ ਉਹ ਵੀ ਇਸ ਕਹਿਰ ਦੀ ਭੇਂਟ ਚੜ ਗਿਆ ਸੀ। ਹੋਂਦ ਚਿੱਲੜ ਕਤਲੇਆਮ ਵਿੱਚ ਆਪਣੇ ਪਿਤਾ ਚਾਚੇ ਤਾਏ ਦੇ ਪਰਿਵਾਰ ਵਿੱਚ 18 ਜੀਅ ਗਵਾ ਚੁੱਕੀ ਬੀਬੀ ਗੁੱਡੀ ਕੌਰ ਅਤੇ ਗੁੜਗਾਓਂ ਵਿੱਚ ਆਪਣੇ ਪਰਿਵਾਰ ਦੇ ਛੇ ਜੀਅ ਮਾਤਾ, ਪਿਤਾ ਸਮੇਤ ਚਾਰ ਭੈਣ ਭਰਾ ਗਵਾ ਚੁੱਕੇ ਭਾਈ ਰਾਮ ਸਿੰਘ ਜੋ ਅੱਜ-ਕੱਲ੍ਹ ਪਟਿਆਲਾ ਰਹਿ ਰਿਹਾ ਹੈ, ਨੇ ਕਿਹਾ ਕੇ ਅੱਜ ਭਾਈ ਦਰਸ਼ਨ ਸਿੰਘ ਘੋਲੀਆ ਦੀ ਅਗਵਾਈ ਵਿਚ ਵਫ਼ਦ ਲੈ ਕੇ ਜਥੇਦਾਰ ਦਾਦੂਵਾਲ ਕੋਲ ਇਸ ਲਈ ਪਹੁੰਚੇ ਸੀ ਕਿਉਂਕਿ ਜਥੇਦਾਰ ਦਾਦੂਵਾਲ ਪੰਥਕ ਜਜ਼ਬੇ ਨਾਲ ਲਬਰੇਜ਼ ਸਿੱਖ ਆਗੂ ਹਨ ।



# 'ਆਪ' ਦੀ ਸਰਕਾਰ ਨੇ ਐਡਵੋਕੇਟ ਜਨਰਲ ਦਫਤਰ 'ਚ ਅਨੁਸੂਚਿਤ ਵਰਗ ਲਈ ਰੱਖਿਆ ਵਿਸ਼ੇਸ਼ ਰਾਖਵਾਂਕਰਨ: ਹਰਪਾਲ ਸਿੰਘ ਚੀਮਾ

ਨੰਗਲ, 20 ਅਪ੍ਰੈਲ (ਜਸਕੀਰਤ ਸਿੰਘ ਮਲਹੋਤਰਾ): ਐਡਵੋਕੇਟ ਹਰਪਾਲ ਸਿੰਘ ਚੀਮਾ ਕੈਬਨਿਟ ਮੰਤਰੀ ਵਿੱਤ, ਟ੍ਰਾਂਸਪੋਰਟ, ਕਰ ਤੇ ਆਬਕਾਰੀ ਵਿਭਾਗ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਦੇ ਦਰਸਾਏ ਮਾਰਗ 'ਤੇ ਚੱਲ ਰਹੀ ਹੈ। ਸਰਕਾਰ ਬਣਨ ਦੇ ਨਾਲ ਹੀ ਹਰ ਸਰਕਾਰੀ ਦਫਤਰ ਵਿੱਚ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਤਸਵੀਰ ਲਗਾਈ ਗਈ ਹੈ।




ਵਿੱਤ ਮੰਤਰੀ ਨੇ ਸਭ ਤੋ ਪਹਿਲਾ ਬਾਬਾ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੇ ਉੱਚ ਯੋਗਤਾ ਪ੍ਰਾਪਤ ਕੀਤੀ। ਉਨ੍ਹਾਂ 32 ਡਿਗਰੀਆਂ 4 ਪੀ.ਐਚ.ਡੀ ਦੀਆਂ ਡਿਗਰੀਆਂ ਸਨ, ਉਹ ਹਮੇਸ਼ਾ ਵਿੱਦਿਆ ਦੇ ਪ੍ਰਸਾਰ ਲਈ ਯਤਨਸ਼ੀਲ ਰਹੇ। ਅੱਜ ਦਾ ਸਮਾਜ ਉਨ੍ਹਾਂ ਦੀ ਦੂਰਅੰਦੇਸ਼ੀ ਸੋਚ ਦਾ ਪ੍ਰਤੀਕ ਹੈ। ਅੱਜ ਨੰਗਲ ਦੇ ਸਕੂਲ ਆਫ ਐਮੀਨੈਂਸ ਵਿੱਚ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ 135ਵੇਂ ਜੈਯੰਤੀ ਮੌਕੇ ਆਯੋਜਿਤ ਸਿੱਖਿਆ ਸੰਕਲਪ ਪ੍ਰੋਗਰਾਮ ਵਿੱਚ ਆਪਣੇ ਸੰਬੋਧਨ ਦੌਰਾਨ ਵਿੱਤ ਮੰਤਰੀ ਨੇ ਕਿਹਾ ਕਿ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ-2026' ਤੇ ਰਾਜਪਾਲ ਵੱਲੋਂ ਦਸ਼ਤਖਤ ਕਰਨ ਨਾਲ ਸਾਡੇ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖਤ ਸ਼ਜ਼ਾਂ ਦੇਣ ਦਾ ਰਾਹ ਪੱਧਰਾਂ ਹੋ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਰਵਿਦਾਸ ਬਾਣੀ ਸੈਂਟਰ ਸਥਾਪਤ ਕੀਤਾ ਜਾ ਰਿਹਾ ਹੈ, ਜਿੱਥੇ 700 ਵਿਦਿਆਰਥੀ ਸਿਖਲਾਈ ਪ੍ਰਾਪਤ ਕਰ ਸਕਨਗੇ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪਵਿੱਤਰ ਦਿਹਾੜਾ ਸੂਬੇ ਭਰ ਵਿੱਚ ਬਹੁਤ ਹੀ ਸ਼ਰਧਾ ਨਾਲ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦਾ ਉਹ ਹਲਕਾ ਹੈ, ਜਿੱਥੇ ਸੂਬੇ ਵਿੱਚ ਸਭ ਤੋਂ ਵੱਧ ਵਿਕਾਸ ਲਈ ਫੰਡ ਉਪਲੱਬਧ ਕਰਵਾਇਆ ਗਿਆ ਹੈ। ਚੀਮਾ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਹਲਕਾ ਪੰਜਾਬ ਦਾ ਤੀਜਾ ਸਭ ਤੋਂ ਵੱਧ ਗ੍ਰਾਂਟਾਂ ਲੈਣ ਵਾਲਾ ਹਲਕਾ ਹੈ, ਜਿੱਥੇ ਪੁਲ, ਸੜਕਾਂ, ਸਕੂਲ ਤੇ ਹਰ ਤਰ੍ਹਾਂ ਦੇ ਵਿਕਾਸ ਦੇ ਕੰਮ ਕੀਤੇ ਜਾ ਰਹੇ ਹਨ। ਵਿੱਤ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਬਜਟ ਵਿੱਚ ਕਈ ਗੁਣਾ ਵਾਧਾ ਕੀਤਾ ਗਿਆ ਅਤੇ ਸਰਕਾਰੀ ਸਕੂਲਾਂ ਦਾ ਨਕਸ਼ਾ ਬਦਲਿਆ ਗਿਆ। ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਹੀ 100 ਕਰੋੜ ਰੁਪਏ ਤੋਂ ਵੱਧ ਦੀ ਰਕਮ ਸਕੂਲਾਂ ਦੇ ਵਿਕਾਸ ਲਈ ਖਰਚ ਕੀਤੀ ਗਈ ਹੈ, ਜਿਸ ਨਾਲ ਆਧੁਨਿਕ ਲੈਬੋਰਟਰੀਆਂ, ਲਾਇਬ੍ਰੇਰੀਆਂ ਅਤੇ ਹੋਰ ਸਹੂਲਤਾਂ ਮੁਹੱਈਆ ਹੋਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਲੋਕ ਭਲਾਈ ਯੋਜਨਾਵਾਂ ਨੂੰ ਲਾਗੂ ਕਰ ਰਹੀ ਹੈ, ਜਿਵੇਂ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਅਤੇ ਮਹਿਲਾਵਾਂ ਲਈ ਮਾਵਾ ਧੀਆ ਸਤਿਕਾਰ ਯੋਜਨਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਨੇ ਵੋਟ ਦੇ ਅਧਿਕਾਰ ਦੀ ਮਹੱਤਤਾ ਉੱਪਰ ਜ਼ੋਰ ਦਿੰਦਿਆਂ ਲੋਕਾਂ ਨੂੰ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਾਬਾ ਸਾਹਿਬ ਦੇ ਸਿਧਾਂਤਾਂ 'ਤੇ ਚੱਲਦਿਆਂ ਸਿੱਖਿਆ, ਸਿਹਤ ਅਤੇ ਸਮਾਜਿਕ ਨਿਆਂ ਦੇ ਖੇਤਰ ਵਿੱਚ ਵੱਡੇ ਕਦਮ ਚੁੱਕ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਅਤੇ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਐਡਵੋਕੇਟ ਜਨਰਲ ਦਫਤਰ ਵਿੱਚ ਅਨੁਸੂਚਿਤ ਵਰਗ ਲਈ ਰਾਖਵਾਂਕਰਨ ਲਾਗੂ ਕੀਤਾ ਹੈ ਤੇ ਅੱਜ 60 ਦੇ ਕਰੀਬ ਕਾਨੂੰਨੀ ਅਧਿਕਾਰੀ ਸੇਵਾਵਾਂ ਦੇ ਰਹੇ ਹਨ।

# ਰੋਪੜ ਦੇ 7 ਸਾਲਾ ਤੇਗਬੀਰ ਨੇ ਰਚਿਆ ਇਤਿਹਾਸ, ਨੇਪਾਲ ਦਾ ਅੰਨਪੂਰਨਾ ਸਰਕਟ ਕੀਤਾ ਫ਼ਤਹਿ

ਰੂਪਨਗਰ, 20 ਅਪ੍ਰੈਲ (ਚ. ਨ. ਸ.): ਰੋਪੜ ਦੇ ਸੱਤ ਸਾਲਾ ਤੇਗਬੀਰ ਸਿੰਘ ਨੇ ਨੇਪਾਲ ਦੇ ਅੰਨਪੂਰਨਾ ਸਰਕਟ ਦੇ ਸਭ ਤੋਂ ਉੱਚੇ ਬਿੰਦੂ ਥੋਰੋਂਗ ਲਾ ਪਾਸ (5416 ਮੀਟਰ/17769 ਫੁੱਟ) ਨੂੰ ਪਾਰ ਕਰ ਕੇ ਵਿਸ਼ਵ ਪੱਧਰ 'ਤੇ ਇਤਿਹਾਸ ਰਚ ਦਿੱਤਾ ਹੈ। ਉਹ ਸਿਰਫ਼ 7 ਸਾਲ 6 ਮਹੀਨੇ ਦੀ ਉਮਰ ਵਿਚ ਇਸ ਮੁਸ਼ਕਿਲ ਟਰੈਕ ਨੂੰ ਪੂਰਾ ਕਰਨ ਵਾਲਾ ਸਭ ਤੋਂ ਛੋਟਾ ਵਿਅਕਤੀ ਬਣ ਗਿਆ ਹੈ।

ਲਗਭਗ 230 ਕਿਲੋਮੀਟਰ ਲੰਬੇ ਇਸ ਉਚਾਈ ਵਾਲੇ ਟਰੈਕ ਨੂੰ ਤੇਗਬੀਰ ਨੇ 11 ਅਪ੍ਰੈਲ ਨੂੰ ਸ਼ੁਰੂ ਕੀਤਾ ਅਤੇ 18 ਅਪ੍ਰੈਲ ਨੂੰ ਸਫ਼ਲਤਾਪੂਰਵਕ ਥੋਰੋਂਗ ਲਾ ਪਾਸ ਤੱਕ ਪਹੁੰਚ ਗਿਆ। ਮਾਈਨਸ ਤਾਪਮਾਨ (ਲਗਭਗ-8 ਤੋਂ-13 ਡਿਗਰੀ ਸੈਲਸੀਅਸ), ਘੱਟ ਆਕਸੀਜਨ ਅਤੇ ਤੇਜ਼ ਹਵਾਵਾਂ ਵਰਗੀਆਂ ਮੁਸ਼ਕਿਲ ਚੁਨੌਤੀਆਂ ਦੇ ਬਾਵਜੂਦ ਉਸ ਨੇ ਇਹ ਕਾਰਨਾਮਾ ਅੰਜਾਮ ਦਿੱਤਾ।ਅਪਨੀ ਖ਼ੁਸ਼ੀ ਜ਼ਾਹਰ ਕਰਦਿਆਂ ਤੇਗਬੀਰ ਨੇ ਕਿਹਾ ਕਿ ਮੈਂ ਇਸ ਲਈ ਤਿਆਰੀ ਕੀਤੀ ਸੀ। ਇਹ ਲੰਮਾ ਤੇ ਔਖਾ ਸੀ, ਪਰ ਅਖ਼ੀਰਕਾਰ ਮੈਂ ਉਥੇ ਪਹੁੰਚ ਗਿਆ ਅਤੇ ਅਪਣੇ ਪਿਤਾ ਨਾਲ ਤਸਵੀਰ ਖਿੱਚਵਾਈ। ਤੇਗਬੀਰ ਸਿੰਘ ਸ਼ਿਵਾਲਿਕ ਪਬਲਿਕ ਸਕੂਲ, ਰੋਪੜ ਵਿਚ ਤੀਜੀ ਜਮਾਤ ਦਾ ਵਿਦਿਆਰਥੀ ਹੈ। ਉਸ ਨੇ ਦੁਬਈ ਦੇ ਇਵਾਨ ਕੁਸ਼ਕੋਵ ਵਲੋਂ ਅਪ੍ਰੈਲ 2025 ਵਿਚ ਬਣਾਏ ਗਏ 7 ਸਾਲ 10 ਮਹੀਨੇ ਦੇ ਪਿਛਲੇ ਰਿਕਾਰਡ ਨੂੰ ਪਿੱਛੇ ਛੱਡ ਦਿੱਤਾ।

ਇਸ ਤੋਂ ਪਹਿਲਾਂ ਵੀ ਤੇਗਬੀਰ ਕਈ ਵਿਸ਼ਵ ਪੱਧਰੀ ਉਪਲਬਧੀਆਂ ਹਾਸਲ ਕਰ ਚੁੱਕਾ ਹੈ। ਜੂਨ 2025 ਵਿਚ ਉਹ 6 ਸਾਲ 7 ਮਹੀਨੇ ਦੀ ਉਮਰ ਵਿਚ ਮਾਊਂਟ ਐਲਬਰਸ ਸਰ ਕਰਨ ਵਾਲਾ ਸਭ ਤੋਂ ਛੋਟਾ ਵਿਅਕਤੀ ਬਣਿਆ, ਜਦਕਿ ਅਗੱਸਤ 2024 ਵਿਚ ਮਾਊਂਟ ਕਿਲੀਮੰਜਾਰੋ ਫ਼ਤਿਹ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਏਸ਼ੀਆਈ ਬਣਿਆ ਸੀ। ਇਸ ਤੋਂ ਇਲਾਵਾ ਅਪ੍ਰੈਲ 2024 ਵਿਚ ਉਹ 5 ਸਾਲ 7 ਮਹੀਨੇ ਦੀ ਉਮਰ ਵਿਚ ਮਾਊਂਟ ਐਵਰੈਸਟ ਬੇਸ ਕੈਂਪ ਤੱਕ ਵੀ ਪਹੁੰਚ ਚੁੱਕਾ ਹੈ। ਉਸ ਦੀਆਂ ਇਹ ਉਪਲਬਧੀਆਂ ਏਸ਼ੀਆ ਬੁੱਕ ਆਫ਼ ਰਿਕਾਰਡਜ਼ ਅਤੇ ਇੰਡੀਆ ਬੁੱਕ ਆਫ਼ ਰਿਕਾਰਡਜ਼ ਵਿਚ ਦਰਜ ਹਨ।



ਤੇਗਬੀਰ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਦੱਸਿਆ ਕਿ ਇਸ ਉਪਲਬਧੀ ਲਈ ਉਸ ਨੇ ਲਗਭਗ ਛੇ ਮਹੀਨੇ ਤੱਕ ਸਖ਼ਤ ਤਿਆਰੀ ਕੀਤੀ। ਉਸ ਨੂੰ ਸੇਵਾਮੁਕਤ ਕੋਚ ਸਰਦਾਰ ਬਿਕਰਮਜੀਤ ਸਿੰਘ ਘੁੰਮਣ ਵਲੋਂ ਵਿਸ਼ੇਸ਼ ਸਿਖਲਾਈ ਦਿੱਤੀ ਗਈ ਜਿਸ ਵਿੱਚ ਦਿਲ ਅਤੇ ਫੇਫੜਿਆਂ ਦੀ ਸਮਰੱਥਾ ਵਧਾਉਣ ਲਈ ਕਸਰਤਾਂ ਅਤੇ ਨਿਯਮਿਤ ਪਹਾੜੀ ਟਰੈਕ ਸ਼ਾਮਲ ਸਨ।

ਉਨ੍ਹਾਂ ਦੱਸਿਆ ਕਿ ਇਹ ਟਰੈਕ ਲੰਬੇ ਸਮੇਂ ਤੱਕ ਘੱਟ ਆਕਸੀਜਨ ਅਤੇ ਮੁਸ਼ਕਿਲ ਮੌਸਮ ਵਿਚ ਤੁਰਨ ਵਾਲਾ ਸੀ, ਜਿਸ ਨਾਲ ਉਸ ਦੀ ਸਰੀਰਕ ਅਤੇ ਮਾਨਸਿਕ ਤਾਕਤ ਦੀ ਕਸੌਟੀ ਹੋਈ। ਟੀਮ ਨੇ 18 ਅਪ੍ਰੈਲ ਸਵੇਰੇ 4 ਵਜੇ -13 ਡਿਗਰੀ ਤਾਪਮਾਨ ਵਿਚ ਰਵਾਨਗੀ ਕੀਤੀ ਅਤੇ ਕਰੀਬ 5.30 ਘੰਟਿਆਂ ਬਾਅਦ ਸਵੇਰੇ 9:25 ਵਜੇ ਥੋਰੋਂਗ ਲਾ ਪਾਸ 'ਤੇ ਪਹੁੰਚੀ। ਤੇਗਬੀਰ ਦੀ ਮਾਤਾ ਡਾ. ਮਨਪ੍ਰੀਤ ਕੌਰ ਨੇ ਕਿਹਾ ਕਿ ਉਸ ਦੀ ਯਾਤਰਾ ਵਿਚ ਸੰਤੁਲਿਤ ਖ਼ੁਰਾਕ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਉਸ ਨੇ ਸਖ਼ਤ ਡਾਇਟ ਪਲਾਨ ਦੀ ਪਾਲਣਾ ਕੀਤੀ। ਸੁਖਿੰਦਰਦੀਪ ਸਿੰਘ ਨੇ ਦੱਸਿਆ ਕਿ ਤੇਗਬੀਰ 20 ਅਪ੍ਰੈਲ ਤੱਕ ਅਪਣੀ ਵਾਪਸੀ ਯਾਤਰਾ ਪੂਰੀ ਕਰ ਕੇ ਕਾਠਮਾਂਡੂ ਪਹੁੰਚੇਗਾ ਅਤੇ 22 ਅਪ੍ਰੈਲ ਨੂੰ ਘਰ ਵਾਪਸ ਆਵੇਗਾ। ਇਹ ਉਪਲਬਧੀ ਨਾ ਸਿਰਫ਼ ਰੋਪੜ ਬਲਕਿ ਪੂਰੇ ਪੰਜਾਬ ਲਈ ਮਾਣ ਵਾਲੀ ਗੱਲ ਹੈ।

# ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੱਲੋਂ ਸਿੱਖਾਂ ਦੇ ਹੱਕਾਂ ਤੇ ਪੰਜਾਬੀ ਨਾਲ ਸਬੰਧਿਤ ਮਸਲਿਆਂ 'ਤੇ ਪੂਰਨ ਸਹਿਯੋਗ ਦਾ ਭਰੋਸਾ

ਫਤਿਹਗੜ੍ਹ ਸਾਹਿਬ, 20 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): 28 ਮੁਲਕਾਂ ਵਿੱਚ ਸਿੱਖ ਸੰਸਥਾਵਾਂ ਦੀ ਪ੍ਰਤਿਨਿਧ ਸੰਸਥਾ, ਗਲੋਬਲ ਸਿੱਖ ਕੌਂਸਲ, ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਨਵੀਂ ਦਿੱਲੀ ਵਿੱਚ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨਾਲ ਮੁਲਾਕਾਤ ਕਰਕੇ ਸਿੱਖਾਂ ਦੀ ਧਾਰਮਿਕ ਆਜ਼ਾਦੀ, ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਰਾਹੀਂ ਪਵਿੱਤਰ ਗੁਰਬਾਣੀ, ਗੁਰੂ ਸਾਹਿਬਾਨ ਤੇ ਸਿੱਖ ਸੰਸਥਾਵਾਂ ਦਾ ਨਿਰਾਦਰ ਕਰਨ ਅਤੇ ਭਾਸ਼ਾਈ ਵਿਰਾਸਤ ਦੀ ਸੰਭਾਲ ਨਾਲ ਜੁੜੇ ਅਹਿਮ ਮਸਲਿਆਂ 'ਤੇ ਤੁਰੰਤ ਵਿਧਾਨਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੀ ਮੰਗ ਕੀਤੀ। ਅਮਰੀਕਾ ਤੋਂ ਕੌਂਸਲ ਦੇ ਉਪ-ਪ੍ਰਧਾਨ ਪਰਮਜੀਤ ਸਿੰਘ ਬੇਦੀ ਦੀ ਅਗਵਾਈ ਹੇਠ ਵਫ਼ਦ ਨੇ ਅਤਿ-ਆਧੁਨਿਕ ਤਕਨੀਕਾਂ ਦੇ ਗਲਤ ਇਸਤੇਮਾਲ ਅਤੇ ਸਿੱਖ ਕੌਮ ਸਾਹਮਣੇ ਖੜ੍ਹੀਆਂ ਚੁਣੌਤੀਆਂ ਦੇ ਹੱਲ ਲਈ ਮੁੱਦੇ ਸੰਸਦੀ ਪੱਧਰ 'ਤੇ ਉਠਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲ ਦੇ ਖਜਾਨਚੀ ਸਰਦਾਰ ਹਰਸਰਨ ਸਿੰਘ ਪੁਡੂਚੇਰੀ, ਅਫਗਾਨਿਸਤਾਨ ਤੋਂ ਮੈਂਬਰ ਗੁਲਜੀਤ ਸਿੰਘ ਅਤੇ 'ਸਿੱਖ ਕੁਲੈਕਟਿਵ' ਦੇ ਕਨਵੀਨਰ ਜਗਮੋਹਨ ਸਿੰਘ ਵੀ ਸ਼ਾਮਲ ਸਨ। ਕੌਂਸਲ ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਯੂਕੇ ਦਾ ਸੰਦੇਸ਼ ਦਿੰਦਿਆਂ ਸਰਦਾਰ ਬੇਦੀ ਨੇ ਸੰਸਦ ਵਿੱਚ ਸਿੱਖ ਮਸਲਿਆਂ ਨੂੰ ਮਜ਼ਬੂਤੀ ਨਾਲ ਉਠਾਉਣ ਲਈ ਸਾਹਨੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਵਫ਼ਦ ਨੇ ਖਾਸ ਤੌਰ 'ਤੇ ਪੰਜਾਬ ਸਮੇਤ ਵੱਖ-ਵੱਖ ਖੇਤਰਾਂ ਵਿੱਚ ਨੌਜਵਾਨਾਂ ਲਈ ਸਿੱਖਿਆ ਅਤੇ ਹੁਨਰ ਵਿਕਾਸ ਦੇ ਉਪਰਾਲਿਆਂ ਨੂੰ ਸਰਾਹਿਆ। ਮੀਟਿੰਗ ਦੌਰਾਨ ਕਈ ਅਹਿਮ ਮਸਲਿਆਂ 'ਤੇ ਚਰਚਾ ਹੋਈ ਜਿਨ੍ਹਾਂ ਵਿੱਚ ਸਭ ਤੋਂ ਵੱਡਾ ਮਸਲਾ ਦੇਸ਼ ਭਰ ਵਿੱਚ ਵੱਖ-ਵੱਖ ਇਮਤਿਹਾਨਾਂ ਦੌਰਾਨ ਸਿੱਖ ਵਿਦਿਆਰਥੀਆਂ ਦੇ ਕਕਾਰਾਂ ਨੂੰ ਲੈ ਕੇ ਦਰਪੇਸ਼ ਸਮੱਸਿਆ ਹੈ ਅਤੇ ਅੰਮ੍ਰਿਤਧਾਰੀ ਪ੍ਰੀਖਿਆਰਥੀਆਂ ਨੂੰ ਅਕਸਰ ਕੜਾ, ਕ੍ਰਿਪਾਨ ਅਤੇ ਦਸਤਾਰ ਵਰਗੇ ਧਾਰਮਿਕ ਚਿੰਨ੍ਹ ਲਾਹੁਣ ਲਈ ਮਜਬੂਰ ਕੀਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਦੀ ਅਣਖ-ਇੱਜ਼ਤ ਅਤੇ ਸੰਵਿਧਾਨਕ ਧਾਰਮਿਕ ਅਧਿਕਾਰਾਂ ਨੂੰ ਠੇਸ ਪਹੁੰਚਦੀ ਹੈ। ਕੌਂਸਲ ਨੇ ਇਸ ਮਸਲੇ ਨੂੰ ਗੰਭੀਰ ਮੰਨਦਿਆਂ ਇਸਦਾ ਤੁਰੰਤ ਹੱਲ ਲੱਭਣ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ, ਕੌਂਸਲ ਨੇ ਤਕਨੀਕੀ ਬੇਅਦਬੀ ਸਬੰਧੀ ਵੀ ਗੰਭੀਰ ਚਿੰਤਾ ਜ਼ਾਹਿਰ ਕੀਤੀ ਜਿਸ ਅਧੀਨ ਮਸਨੂਈ ਬੁੱਧੀ ਅਤੇ ਨਵੀਨਤਮ ਡਿਜ਼ੀਟਲ ਤਕਨੀਕਾਂ ਰਾਹੀਂ ਗੁਰਬਾਣੀ, ਸਿੱਖ ਸੰਸਥਾਵਾਂ ਅਤੇ ਸਿੱਖ ਸਿਧਾਂਤਾਂ ਨੂੰ ਸੋਸ਼ਲ ਮੀਡੀਆ 'ਤੇ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਵਫ਼ਦ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹੀ ਭ੍ਰਮਿਤ ਕਰਨ ਵਾਲੀ ਅਤੇ ਧਾਰਮਿਕ ਭਾਵਨਾਵਾਂ ਦਾ ਖਿਲਵਾੜ ਕਰਦੀ ਡਿਜ਼ਿਟਲ ਸਮੱਗਰੀ 'ਤੇ ਰੋਕ ਲਗਾਉਣ ਲਈ ਸਖ਼ਤ ਨਿਯਮ ਬਣਾਏ ਜਾਣ ਤਾਂ ਜੋ ਸਿੱਖ ਮਰਯਾਦਾ ਦੀ ਪਵਿੱਤਰਤਾ ਕਾਇਮ ਰਹੇ।



# ਮਾਨ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਬਿੱਲ ਸਭ ਤੋਂ ਸਖਤ ਸਜ਼ਾ ਵਾਲਾ ਕਾਨੂੰਨ ਹੋਇਆ ਪਾਸ : ਚੋਪੜਾ

ਰੂਪਨਗਰ, 20 ਅਪ੍ਰੈਲ (ਅਮਿਤ ਅਰੋੜਾ): ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜ ਕਾਲ ਵਿੱਚ ਇੱਕ ਹੋਰ ਇਤਿਹਾਸਿਕ ਪੰਨਾ ਜੁੜ ਗਿਆ ਹੈ, ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦੇ ਹੋਏ ਆਮ ਆਦਮੀ ਪਾਰਟੀ ਲੀਗਲ ਵਿੰਗ ਮਾਲਵਾ ਜੋਨ ਇੰਚਾਰਜ ਐਡਵੋਕੇਟ ਮਲਕੀਤ ਚੋਪੜਾ ਅਬਜ਼ਰਵਰ ਸ੍ਰੀ ਚਮਕੌਰ ਸਾਹਿਬ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀਆਂ ਕੋਸ਼ਿਸ਼ਾਂ, ਸਿੱਖ ਬੁੱਧੀਜੀਵੀ ਦੇ ਸੰਘਰਸ਼ ਤੇ ਹਜ਼ਾਰਾਂ ਲੱਖਾਂ ਸੰਗਤਾਂ ਦੀਆਂ ਅਰਦਾਸਾਂ ਸਦਕਾ, ਪੰਜਾਬ ਸਰਕਾਰ ਨੇ ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ ਇੱਕ ਅਜਿਹਾ ਮੀਲ ਪੱਥਰ ਸਥਾਪਤ ਕੀਤਾ ਹੈ, ਜਿਸ ਨਾਲ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਅਤੇ ਸਿੱਖ ਸੰਗਤ ਮਾਨ ਸਰਕਾਰ ਵੱਲੋਂ ਬਣਾਏ ਗਏ ਬੇਅਦਬੀ ਕਾਨੂੰਨ ਦੀ ਚਰਚਾ ਪੂਰੀ ਦੁਨੀਆਂ ਭਰ ਵਿੱਚ ਹੋ ਰਹੀ ਹੈ ਤੇ ਹਰ ਕੋਈ ਖੁਸ਼ ਹੈ ਕਿ ਬੇਅਦਬੀ ਦੇ ਖਿਲਾਫ ਕਾਨੂੰਨ ਬਣਾਉਣ ਵਾਲਾ ਪੰਜਾਬ ਪਹਿਲਾ ਸੂਬਾ ਬਣਿਆ ਹੈ ਜਿਸਨੇ ਇਹ ਕਾਨੂੰਨ ਬਣਾ ਕੇ ਬੇਅਦਬੀ ਕਰਨ ਵਾਲੇ ਲਈ ਸਖਤ ਸਜ਼ਾ ਤੇ 25 ਲੱਖ ਤੱਕ ਦੀ ਜੁਰਮਾਨੇ ਦੀ ਰਕਮ ਰੱਖੀ ਹੈ। ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਤੇ ਜੁਰਮਾਨੇ ਦੇ ਨਾਲ-ਨਾਲ ਜਿੱਥੇ ਬੇਅਦਬੀ ਕਰਨ ਵਾਲੇ ਨੂੰ ਸਖਤ ਸਜ਼ਾ ਦੇ ਕਾਨੂੰਨ ਵਿੱਚ ਨਿਯਮ ਬਣਾਏ ਗਏ ਹਨ, ਉੱਥੇ ਹੀ ਇਸ ਸਾਜਿਸ਼ ਰਚਣ ਵਾਲਿਆਂ ਨੂੰ ਵੀ ਇਸ ਕਾਨੂੰਨ ਦੇ ਤਹਿਤ ਸਖਤ ਸਜ਼ਾ ਤੇ ਜੁਰਮਾਨਾ ਕਰਕੇ ਸਲਾਖਾਂ ਪਿੱਛੇ ਡੱਕਿਆ ਜਾਵੇਗਾ ਤੇ ਉਮਰ ਭਰ ਲਈ ਉਹ ਲੋਕ ਕਦੀ ਜੇਲ੍ਹਾਂ ਵਿੱਚੋਂ ਬਾਹਰ ਨਹੀਂ ਨਿਕਲਣਗੇ ਜੋ ਅਜਿਹਾ ਘਿਨੌਣਾ ਕੰਮ ਕਰਨ ਵਿੱਚ ਸ਼ਾਮਿਲ ਹੁੰਦੇ ਸਨ ਅਤੇ ਜੇਕਰ ਕੋਈ ਵਿਅਕਤੀ ਮੰਦਬੁੱਧੀ ਮਾਨਸਿਕ ਰੋਗੀ ਅਜਿਹਾ ਕਰਦਾ ਹੈ ਤਾਂ ਪੜਤਾਲ ਉਪਰੰਤ ਮਾਨਸਿਕ ਰੋਗੀ ਸਾਬਿਤ ਹੋਣ 'ਤੇ ਉਸਦੇ ਰਖਵਾਲੇ ਨੂੰ ਬਨਦੀ ਸਜ਼ਾ ਮਿਲੇਗੀ।

ਉਹਨਾਂ ਕਿਹਾ ਕਿ ਮਾਨ ਸਰਕਾਰ ਵਿਧਾਨ ਸਭਾ ਵਿੱਚ ਇਹ ਬਿੱਲ ਪਾਸ ਕਰਕੇ ਗਵਰਨਰ ਸਾਹਿਬ ਕੋਲ ਭੇਜਿਆ ਗਿਆ ਸੀ ਜਿਸ ਤੋਂ ਬਾਅਦ ਅੱਜ ਮਾਣਯੋਗ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਇਸ 'ਤੇ ਦਸਤਖਤ ਕਰਕੇ ਉਹ ਵੀ ਇਸ ਇਤਿਹਾਸਿਕ ਫੈਸਲੇ ਦੀ ਗਵਾਹ ਬਣੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਆਪਣੀ ਕਹਿਣੀ ਅਤੇ ਕਰਨੀ 'ਤੇ ਪੂਰੀ ਉੱਤਰੀ ਹੈ ਤੇ ਸਿੱਖ ਸੰਗਤ ਮਾਨ ਸਰਕਾਰ ਦੇ ਇਸ ਇਤਿਹਾਸਿਕ ਫੈਸਲੇ ਨੂੰ ਹਮੇਸ਼ਾ ਯਾਦ ਰੱਖੇਗੀ।

# ਨਿਸ਼ਚੇ ਕੋਚਿੰਗ ਸੈਂਟਰ ਵੱਲੋਂ ਮੁਕਾਬਲੇਬਾਜ਼ੀ ਪ੍ਰੀਖਿਆਵਾਂ ਲਈ ਮੁਫ਼ਤ ਸਿਖਲਾਈ ਦਾ ਉਪਰਾਲਾ : ਸਿੱਖਿਆ ਮੰਤਰੀ

ਨੰਗਲ, 20 ਅਪ੍ਰੈਲ (ਜਸਕੀਰਤ ਸਿੰਘ ਮਲਹੋਤਰਾ) : ਨੌਜਵਾਨਾਂ ਨੂੰ ਮੁਕਾਬਲੇਬਾਜੀ ਦੀਆਂ ਪ੍ਰੀਖਿਆਵਾਂ ਲਈ ਮਜ਼ਬੂਤ ਤਿਆਰੀ ਕਰਵਾਉਣ ਦੇ ਉਦੇਸ਼ ਨਾਲ ਸਕੂਲ ਆਫ਼ ਐਮੀਨੈਂਸ ਨੰਗਲ ਵਿੱਚ ਨਿਸ਼ਚੇ ਕੋਚਿੰਗ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਵਿਲੱਖਣ ਉਪਰਾਲੇ ਦਾ ਮੁੱਖ ਮਕਸਦ ਉਹਨਾਂ ਵਿਦਿਆਰਥੀਆਂ ਨੂੰ ਮੌਕਾ ਦੇਣਾ ਹੈ ਜੋ ਆਰਥਿਕ ਤੌਰ 'ਤੇ ਕਮਜ਼ੋਰ ਹਨ ਪਰ ਉੱਚ ਸੇਵਾਵਾਂ ਵਿੱਚ ਜਾਣ ਦੀ ਯੋਗਤਾ ਅਤੇ ਜਜ਼ਬਾ ਰੱਖਦੇ ਹਨ। ਇਸ ਕੇਂਦਰ ਵਿੱਚ ਮਾਹਿਰ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਮੁਕਾਬਲੇਬਾਜੀ ਪ੍ਰੀਖਿਆਵਾਂ ਲਈ ਸੁਚੱਜੀ ਅਤੇ ਨਿਯਮਿਤ ਤਿਆਰੀ ਕਰਵਾਈ ਜਾਵੇਗੀ। ਇਹ ਜਾਣਕਾਰੀ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਨੇ ਸਕੂਲ ਆਫ ਐਮੀਨੈਂਸ ਨੰਗਲ ਵਿਖੇ ਸਿੱਖਿਆ ਸੰਕਲਪ ਪ੍ਰੋਗਰਾਮ ਮੌਕੇ ਦਿੱਤੀ। ਇਸ ਮੌਕੇ ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਨੌਜਵਾਨਾਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਦੇ ਨਾਲ-ਨਾਲ ਉਹਨਾਂ ਨੂੰ ਸਰਕਾਰੀ ਨੌਕਰੀਆਂ ਲਈ ਯੋਗ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ



ਨਿਸ਼ਚੇ ਕੋਚਿੰਗ ਸੈਂਟਰ ਵਿੱਚ ਹਰ ਰੋਜ਼ ਸ਼ਾਮ 4 ਘੰਟੇ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ, ਜਿਸ ਨਾਲ ਵਿਦਿਆਰਥੀ ਘਰੇਲੂ ਮਾਹੌਲ ਵਿੱਚ ਹੀ ਉੱਚ ਪੱਧਰੀ ਤਿਆਰੀ ਕਰ ਸਕਣਗੇ। ਇਹ ਉਪਰਾਲਾ ਸਿੱਖਿਆ ਦੇ ਖੇਤਰ ਵਿੱਚ ਇੱਕ ਨਵਾਂ ਮਾਡਲ ਸਾਬਤ ਹੋਵੇਗਾ।ਇਹ ਪ੍ਰੋਗ੍ਰਾਮ ਸਕੂਲ ਆਫ਼ ਐਮੀਨੈਂਸ ਨੰਗਲ ਅਤੇ ਰਾਜ ਮਲਹੋਤਰਾ ਆਈ.ਏ.ਐਸ ਅਕੈਡਮੀ ਦੇ ਸਾਂਝੇ ਯਤਨਾਂ ਨਾਲ ਚਲਾਇਆ ਜਾ ਰਿਹਾ ਹੈ। ਇਸ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ, ਜਿਸ ਦੀ ਆਖਰੀ ਤਾਰੀਖ 25 ਅਪ੍ਰੈਲ ਨਿਰਧਾਰਤ ਕੀਤੀ ਗਈ ਹੈ। ਸਰਕਾਰੀ ਨੌਕਰੀਆਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਲਈ ਇਹ ਇੱਕ ਸੁਨਹਿਰਾ ਮੌਕਾ ਹੈ, ਜਿੱਥੇ ਉਹਨਾਂ ਨੂੰ ਮੁਫ਼ਤ ਵਿੱਚ ਮਾਹਿਰਾਂ ਦੀ ਰਹਿਨੁਮਾਈ ਹਾਸਲ ਹੋਵੇਗੀ।ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਨਮਾਨ ਵੀ ਕੀਤਾ ਗਿਆ। ਸਿੱਖਿਆ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲਿਆਂ ਨਾਲ ਨਾ ਸਿਰਫ਼ ਵਿਦਿਆਰਥੀਆਂ ਵਿੱਚ ਪ੍ਰੇਰਣਾ ਪੈਦਾ ਹੁੰਦੀ ਹੈ, ਸਗੋਂ ਉਹਨਾਂ ਦਾ ਹੌਸਲਾ ਵੀ ਵਧਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਦਾ ਲਾਭ ਲੈਣ ਅਤੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਮਨ ਲਗਾ ਕੇ ਮਿਹਨਤ ਕਰਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿੱਚ ਡਾ. ਬੀ. ਆਰ. ਅੰਬੇਡਕਰ ਦੀ ਸਦੀਵੀ ਵਿਰਾਸਤ ਨੂੰ ਸਮਰਪਿਤ ਅਕਾਦਮਿਕ ਤੇ ਸਿਰਜਣਾਤਮਕ ਗਤੀਵਿਧੀਆਂ ਦਾ ਆਯੋਜਨ

ਫਤਿਹਗੜ੍ਹ ਸਾਹਿਬ, 20 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਐਸ.ਸੀ./ਐਸ.ਟੀ. ਸੈੱਲ ਨੇ ਯੂਨੀਵਰਸਿਟੀ ਦੇ ਐਸ.ਈ.ਡੀ. ਸੈੱਲ ਦੇ ਸਹਿਯੋਗ ਨਾਲ ਡਾ. ਬੀ. ਆਰ. ਅੰਬੇਡਕਰ ਦੀ ਸਦੀਵੀ ਵਿਰਾਸਤ ਅਤੇ ਦੂਰਅੰਦੇਸ਼ੀ ਯੋਗਦਾਨਾਂ ਨੂੰ ਯਾਦ ਕਰਨ ਲਈ ਅਕਾਦਮਿਕ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਦਾ ਆਯੋਜਨ ਕੀਤਾ। ਇਸ ਸਮਾਗਮ ਦਾ ਉਦੇਸ਼ ਸਮਾਜਿਕ ਨਿਆਂ, ਸਮਾਨਤਾ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਵੱਲੋਂ ਸਥਾਪਿਤ ਸੰਵਿਧਾਨਕ ਮੁੱਲਾਂ ਨਾਲ ਸਾਰਥਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਸੀ। ਇਸ ਸਮਾਗਮ ਵਿੱਚ ਮਹਿਮਾਨਾਂ ਨੇ ਸ਼ਿਰਕਤ ਕੀਤੀ। ਸਿੱਖ ਜੂਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਸਤਨਾਮ ਸਿੰਘ ਕਲੇਰ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ ਅਤੇ ਅਜੋਕੇ ਸਮੇਂ ਵਿੱਚ ਇਨਸਾਫ਼, ਬਰਾਬਰੀ ਅਤੇ ਮਨੁੱਖੀ ਸਨਮਾਨ ਨੂੰ ਬਰਕਰਾਰ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਅੰਬੇਡਕਰ ਦੇ ਪਰਿਵਰਤਨਕਾਰੀ ਵਿਚਾਰਾਂ ਪ੍ਰਤੀ ਜਾਗਰੂਕ ਕਰਨ ਲਈ ਯੂਨੀਵਰਸਿਟੀ ਦੀ ਪਹਿਲ ਦੀ ਸ਼ਲਾਘਾ ਕੀਤੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਐਡਵੋਕੇਟ ਰਵਿੰਦਰ ਸਿੰਘ ਸੈਂਪਲਾ ਨੇ ਰਿਸੋਰਸ ਪਰਸਨ ਵਜੋਂ ਸ਼ਾਮਿਲ ਹੋ ਕੇ ਡਾ. ਅੰਬੇਡਕਰ ਦੇ ਕਾਨੂੰਨੀ ਵਿਚਾਰ, ਸਮਾਜਿਕ ਸੁਧਾਰ ਅਤੇ ਜ਼ਮਹੂਰੀ ਆਦਰਸ਼ਾਂ ਵਿੱਚ ਯੋਗਦਾਨ ਨੂੰ ਉਜਾਗਰ ਕੀਤਾ ਅਤੇ ਵਿਦਿਆਰਥੀਆਂ ਨੂੰ ਸੰਵਿਧਾਨਕ ਨੈਤਿਕਤਾ ਅਪਣਾਉਣ ਦੀ ਅਪੀਲ ਕੀਤੀ। ਪ੍ਰੋ. (ਡਾ.) ਪਰਿਤ ਪਾਲ ਸਿੰਘ, ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਨੇ ਆਪਣੇ ਸੰਬੋਧਨ ਵਿੱਚ ਇੱਕ ਬਰਾਬਰੀ ਵਾਲੇ ਅਤੇ ਅਗਾਂਹਵਧੂ ਸਮਾਜ ਦੀ ਸਿਰਜਣਾ ਵਿੱਚ ਡਾ. ਅੰਬੇਡਕਰ ਦੀਆਂ ਸਿੱਖਿਆਵਾਂ ਦੀ ਅਹਿਮੀਅਤ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਅਕਾਦਮਿਕ ਸੰਵਾਦ ਨੂੰ ਉਤਸ਼ਾਹਿਤ ਕਰਨ ਅਤੇ ਵਿਦਿਆਰਥੀਆਂ ਨੂੰ ਸਿਰਜਣਾਤਮਕ ਪ੍ਰਗਟਾਵੇ ਰਾਹੀਂ ਸਮਾਜਿਕ ਮੁੱਦਿਆਂ 'ਤੇ ਸੋਚਣ ਲਈ ਪ੍ਰੇਰਿਤ ਕਰਨ ਲਈ ਆਯੋਜਕ ਸੈੱਲਾਂ ਦੀ ਪ੍ਰਸ਼ੰਸਾ ਕੀਤੀ। ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਨੇ ਆਪਣੇ ਸੁਆਗਤੀ ਭਾਸ਼ਣ ਵਿੱਚ ਕਿਹਾ ਵਿਰਾਸਤ ਸਿਰਫ਼ ਇਤਿਹਾਸਕ ਮਹੱਤਤਾ ਤੱਕ ਸੀਮਿਤ ਨਹੀਂ, ਸਗੋਂ ਸਮਕਾਲੀ ਸਮਾਜਿਕ ਚੁਣੌਤੀਆਂ ਨਾਲ ਨਜਿੱਠਣ ਲਈ ਇੱਕ ਜੀਵੰਤ ਮਾਰਗਦਰਸ਼ਕ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਅਕਾਦਮਿਕ ਅਤੇ ਸਿਰਜਣਾਤਮਕ ਪਲੇਟਫਾਰਮਾਂ ਰਾਹੀਂ ਉਨ੍ਹਾਂ ਦੇ ਵਿਚਾਰਾਂ ਨਾਲ ਸ਼ਮੂਲੀਅਤ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ ਅਤੇ ਸਮਾਜਿਕ ਬਦਲਾਅ ਲਈ ਵਚਨਬੱਧਤਾ ਪੈਦਾ ਕਰਦੀ ਹੈ। ਇਸ ਪ੍ਰੋਗਰਾਮ ਦਾ ਸੰਚਾਲਨ ਡਾ. ਸੁਮਨਪ੍ਰੀਤ ਕੌਰ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਬੌਧਿਕ ਚਰਚਾ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਮੁਕਾਬਲਿਆਂ ਦਾ ਆਯੋਜਨ ਕੀਤਾ। ਇਨ੍ਹਾਂ ਵਿੱਚ ਭਾਸ਼ਣ, ਪੋਸਟਰ ਮੇਕਿੰਗ, ਡਿਜੀਟਲ ਸਮੱਗਰੀ ਤਿਆਰ ਕਰਨਾ, ਕੁਇਜ਼, ਸਕਿੱਟ ਅਤੇ ਲੇਖ ਲਿਖਣ ਦੇ ਮੁਕਾਬਲੇ ਸ਼ਾਮਲ ਸਨ। ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਅੰਬੇਡਕਰ ਦੇ ਫ਼ਲਸਫ਼ੇ ਨਾਲ ਆਪਣੀ ਡੂੰਘੀ ਸਾਂਝ ਦਰਸਾਈ। ਡਾ. ਤੇਜਬੀਰ ਸਿੰਘ, ਰਜਿਸਟਰਾਰ ਨੇ ਆਯੋਜਕਾਂ ਅਤੇ ਭਾਗੀਦਾਰਾਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਸੰਸਥਾ ਦੀ ਸਮਾਵੇਸ਼ਤਾ, ਵਿਭਿੰਨਤਾ ਅਤੇ ਸੰਵਿਧਾਨਕ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਨੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਨਾਗਰਿਕ ਤਿਆਰ ਕਰਨ ਵਿੱਚ ਸਿੱਖਿਆ ਸੰਸਥਾਵਾਂ ਦੀ ਭੂਮਿਕਾ 'ਤੇ ਵੀ ਜ਼ੋਰ ਦਿੱਤਾ। ਸਮਾਗਮ ਦੌਰਾਨ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਉਨ੍ਹਾਂ ਦੀ ਸਿਰਜਣਾਤਮਕਤਾ, ਆਲੋਚਨਾਤਮਕ ਸੋਚ ਅਤੇ ਡਾ. ਅੰਬੇਡਕਰ ਦੇ ਜੀਵਨ ਤੇ ਵਿਚਾਰਾਂ ਨਾਲ ਜੁੜਾਅ ਲਈ ਸਨਮਾਨਿਤ ਕੀਤਾ ਗਿਆ। ਅੰਤ ਵਿੱਚ, ਡਾ. ਹਰਨੀਤ ਬਿਲਿੰਗ, ਮੁਖੀ, ਐਜੂਕੇਸ਼ਨ ਵਿਭਾਗ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਸਮਾਗਮ ਦੀ ਸਮਾਪਤੀ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਆਦਰਸ਼ਾਂ ਨੂੰ ਅਪਣਾਉਣ ਦੀ ਨਵੀਂ ਪ੍ਰੇਰਨਾ ਨਾਲ ਕੀਤੀ।




# ਦਿਨ ਦਿਹਾੜੇ ਢਾਬੇ ਤੋਂ ਸਿਲੰਡਰ ਚੋਰੀ

ਡੇਰਾਬੱਸੀ, 20 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ): ਡੇਰਾਬੱਸੀ ਇਲਾਕੇ ਵਿੱਚ ਚੋਰਾਂ ਦਾ ਆਤੰਕ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਜਿਸ ਨਾਲ ਸਥਾਨਕ ਵਪਾਰੀਆਂ ਅਤੇ ਨਿਵਾਸੀਆਂ ਵਿੱਚ ਡਰ ਅਤੇ ਨਾਰਾਜ਼ਗੀ ਦਾ ਮਾਹੌਲ ਬਣਿਆ ਹੋਇਆ ਹੈ। ਤਾਜ਼ਾ ਮਾਮਲਾ ਅਦਰਸ਼ ਨਗਰ ਦਾ ਸਾਹਮਣੇ ਆਇਆ ਹੈ, ਜਿੱਥੇ ਇੱਕ ਢਾਬੇ ਤੋਂ ਦਿਨ ਦਿਹਾੜੇ ਚੋਰ ਸਿਲੰਡਰ ਚੋਰੀ ਕਰਕੇ ਆਸਾਨੀ ਨਾਲ ਫਰਾਰ ਹੋ ਗਿਆ। ਇਸ ਘਟਨਾ ਨੇ ਇਲਾਕੇ ਵਿੱਚ ਕਾਨੂੰਨ-ਵਿਵਸਥਾ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਾਣਕਾਰੀ ਅਨੁਸਾਰ, ਅਦਰਸ਼ ਨਗਰ ਸਥਿਤ ਇੱਕ ਢਾਬੇ 'ਤੇ ਦੁਪਹਿਰ ਦੇ ਸਮੇਂ ਦੋ ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਆਏ ਅਤੇ ਮੌਕਾ ਵੇਖਦੇ ਹੀ ਰਸੋਈ ਵਿੱਚ ਰੱਖਿਆ ਗੈਸ ਸਿਲੰਡਰ ਚੁੱਕ ਕੇ ਲੈ ਗਏ। ਢਾਬੇ ਦੇ ਮਾਲਕ ਨੂੰ ਇਸ ਘਟਨਾ ਦੀ ਜਾਣਕਾਰੀ ਉਸ ਵੇਲੇ ਹੋਈ ਜਦੋਂ ਉਹ ਆਪਣੇ ਕੰਮ ਵਿੱਚ ਵਿਅਸਤ ਸੀ। ਜਦ ਤੱਕ ਉਹ ਬਾਹਰ ਆ ਕੇ ਦੇਖਦਾ, ਚੋਰ ਮੌਕੇ ਤੋਂ ਗਾਇਬ ਹੋ ਚੁੱਕਾ ਸੀ। ਇਹ ਕੋਈ ਇਕੱਲਾ ਮਾਮਲਾ ਨਹੀਂ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਇਲਾਕੇ ਵਿੱਚ ਢਾਬਿਆਂ ਅਤੇ ਛੋਟੇ ਵਪਾਰਕ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਲਗਾਤਾਰ ਹੋ ਰਹੀਆਂ ਸਿਲੰਡਰ ਚੋਰੀਆਂ ਕਾਰਨ ਵਪਾਰੀਆਂ ਨੂੰ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਇਸਦੇ ਨਾਲ ਹੀ ਉਨ੍ਹਾਂ ਦੀ ਰੋਜ਼ੀ-ਰੋਟੀ 'ਤੇ ਵੀ ਅਸਰ ਪੈ ਰਿਹਾ ਹੈ। ਸਥਾਨਕ ਵਪਾਰੀਆਂ ਨੇ ਦੱਸਿਆ ਕਿ ਦਿਨ ਦਿਹਾੜੇ ਹੋ ਰਹੀਆਂ ਇਨ੍ਹਾਂ ਘਟਨਾਵਾਂ ਨਾਲ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਦਿਨ ਦੇ ਸਮੇਂ ਹੀ ਚੋਰੀਆਂ ਹੋਣ ਲੱਗਣ ਤਾਂ ਰਾਤ ਦੇ ਸਮੇਂ ਹਾਲਾਤ ਹੋਰ ਵੀ ਖਰਾਬ ਹੋ ਸਕਦੇ ਹਨ। ਇਸ ਸਬੰਧੀ ਕਈ ਵਾਰ ਪੁਲਿਸ ਪ੍ਰਸ਼ਾਸਨ ਨੂੰ ਜਾਣਕਾਰੀ ਵੀ ਦਿੱਤੀ ਗਈ ਹੈ, ਪਰ ਹਾਲੇ ਤੱਕ ਕੋਈ ਢੰਗ ਦੀ ਕਾਰਵਾਈ ਨਹੀਂ ਕੀਤੀ ਗਈ। ਲੋਕਾਂ ਨੇ ਪੁਲਿਸ ਪ੍ਰਸ਼ਾਸਨ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਇਲਾਕੇ ਵਿੱਚ ਗਸ਼ਤ ਦੀ ਘਾਟ ਹੈ, ਉਨ੍ਹਾਂ ਦੀ ਮੰਗ ਹੈ ਕਿ ਇਲਾਕੇ ਵਿੱਚ ਪੁਲਿਸ ਪਹਿਰਾ ਵਧਾਇਆ ਜਾਵੇ ਅਤੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ।

## ਸਨਮਾਨ ਸਮਾਰੋਹ ਦੌਰਾਨ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

ਅਮਲੋਹ, 20 ਅਪ੍ਰੈਲ (ਜਸਵੰਤ ਸਿੰਘ): ਪੀਐਮ ਸ੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਸਕੂਲ ਇੰਚਾਰਜ ਪ੍ਰੇਮ ਲੱਤਾ ਦੀ ਅਗਵਾਈ ਵਿਚ ਸਨਮਾਨ ਸਮਾਰੋਹ ਕੀਤਾ ਗਿਆ ਜਿਸ ਵਿਚ ਜ਼ਿਲ੍ਹਾ ਸਿੱਖਿਆ ਅਫ਼ਸਰ ਰਵਿੰਦਰ ਕੌਰ ਨੇ ਮੁੱਖ-ਮਹਿਮਾਨ ਵਜੋਂ ਸਿਰਕਤ ਕੀਤੀ। ਲੈਕਚਰਾਰ ਕੁਲਦੀਪ ਸਿੰਘ ਫਤਿਹਪੁਰ ਨੇ ਦੱਸਿਆ ਕਿ ਇਸ ਮੌਕੇ ਅੱਠਵੀਂ ਜਮਾਤ ਦੀ ਬੋਰਡ ਦੀ ਮੈਰਿਟ ਵਿੱਚ ਆਈ ਵਿਦਿਆਰਥਣ ਅੰਸ਼ੂ ਕੁਮਾਰੀ ਪੁੱਤਰੀ ਸ਼ੰਭੂ ਯਾਦਵ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਵਿਦਿਆਰਥਣ ਨੇ 600 ਵਿਚੋਂ 587 ਅੰਕ ਪ੍ਰਾਪਤ ਕਰਕੇ ਮੈਰਿਟ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਇਸ ਹੋਣਹਾਰ ਵਿਦਿਆਰਥਣ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਉਸ ਦੇ ਮਾਪਿਆਂ ਦਾ ਵੀ ਸਨਮਾਨ ਕੀਤਾ। ਇਸ ਮੌਕੇ 80 ਪ੍ਰਤੀਸ਼ਤ ਤੋਂ ਵੱਧ ਅੰਕ ਲੈਣ ਵਾਲੀਆਂ 21 ਅਤੇ 90 ਪ੍ਰਤੀਸ਼ਤ ਤੋਂ ਵੱਧ ਅੰਕ ਲੈਣ ਵਾਲੀਆਂ 4 ਵਿਦਿਆਰਥਣਾਂ ਦਾ ਵੀ ਸਨਮਾਨ ਕੀਤਾ ਗਿਆ।

# ਸ਼੍ਰੋਮਣੀ ਅਕਾਲੀ ਦਲ ਵਲੋਂ ਰਾਜਿੰਦਰ ਕੁਮਾਰ ਬਿੰਦੀ ਨੂੰ ਸ਼ਹਿਰੀ ਪ੍ਰਧਾਨ ਬਣਾਉਣ 'ਤੇ ਸਨਮਾਨ ਸਮਾਰੋਹ

ਰੂਪਨਗਰ, 20 ਅਪ੍ਰੈਲ (ਅਮਿਤ ਅਰੋੜਾ) : ਸ਼੍ਰੋਮਣੀ ਅਕਾਲੀ ਦਲ ਵਲੋਂ ਰਾਜਿੰਦਰ ਕੁਮਾਰ ਬਿੰਦੀ ਨੂੰ ਜਿਲ੍ਹਾ ਸ਼ਹਿਰੀ ਪ੍ਰਧਾਨ ਅਨੁਸੂਚਿਤ ਜਾਤੀ ਵਿੰਗ ਬਣਾਉਣ ਤੇ ਅੱਜ ਵਾਲਮੀਕਿ ਸਭਾ ਰੋਪੜ ਦੇ ਸਮੂਹ ਮੈਂਬਰ ਅਤੇ ਪ੍ਰਧਾਨ ਅਜੈ ਭੱਟੀ, ਵਾਲਮੀਕਿ ਆਸ਼ਰਮ ਦੇ ਪ੍ਰਧਾਨ ਅਤੇ ਚੇਅਰਮੈਨ ਰਾਮ ਰਤਨ ਵੱਲੋਂ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਥਾਨਕ ਵਾਲਮੀਕਿ ਮੰਦਰ ਵਿਖੇ ਆਯੋਜਿਤ ਇਸ ਸਮਾਰੋਹ ਵਿੱਚ ਰਜਿੰਦਰ ਕੁਮਾਰ ਬਿੰਦੀ ਨੂੰ ਸਰੋਪਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਾਲਮੀਕਿ ਸਭਾ ਦੇ ਪ੍ਰਧਾਨ ਅਜੇ ਕੁਮਾਰ ਭੱਟੀ ਨੇ ਡਾਕਟਰ ਚੀਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੇ ਬਿੰਦੀ ਨੂੰ ਪ੍ਰਧਾਨ ਬਣਾ ਕੇ ਵਾਲਮੀਕਿ ਭਾਈਚਾਰੇ ਨੂੰ ਵੱਡਾ ਮਾਣ ਦਿੱਤਾ ਹੈ । ਉਹਨਾਂ ਵਲੋਂ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਵੀ ਸਰੋਪਾ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਕੀਤਾ। ਅੱਜੇ ਕੁਮਾਰ ਭੱਟੀ ਪ੍ਰਧਾਨ ਵਾਲਮੀਕਿ ਸਭਾ ਨੇ ਡਾਕਟਰ ਚੀਮਾ ਨੂੰ ਬੇਨਤੀ ਕੀਤੀ ਕਿ ਆਉਣ ਵਾਲੇ ਇਲੈਕਸ਼ਨ ਵਿੱਚ ਵਾਲਮੀਕੀ ਸਮਾਜ ਨੂੰ ਯੋਗ ਸੀਟਾਂ ਤੋਂ ਟਿਕਟਾਂ ਦਿੱਤੀਆਂ ਜਾਣ ਤਾਂ ਜੋ ਵਾਲਮੀਕੀ ਸਮਾਜ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲ ਸਕੇ। ਇਸ ਮੌਕੇ ਵੱਡੀ ਗਿਣਤੀ ਵਿਚ ਨੌਜਵਾਨ ਦੂਜੀਆਂ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਵਿਚ ਸ਼ਾਮਲ ਹੋਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨੁਸੂਚਿਤ ਜਾਤੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਹਰੀਵਾਲ, ਐਡਵੋਕੇਟ ਰਜੀਵ ਸ਼ਰਮਾ, ਸੇਵਾ ਸਿੰਘ, ਮਨਪ੍ਰੀਤ ਗਿੱਲ, ਮਨਜੀਤ ਸਿੰਘ ਤੰਬੜ, ਗੁਰਮੁਖ ਸਿੰਘ ਸੈਣੀ, ਮੋਹਣ ਸਿੰਘ, ਤਰਨਜੀਤ ਸਿੰਘ ਤਰਨੀ, ਸੁਖਵਿੰਦਰ ਸਿੰਘ ਪਟਵਾਰੀ, ਮਦਨ ਲਾਲ ਬੈਂਸ, ਜੀਵਨ ਕੁਮਾਰ, ਮੋਹਣ ਸਿੰਘ ਭੱਠਲ ਕਰਨਵੀਰ ਸਿੰਘ ਗਿੰਨੀ ਜੋਲੀ, ਸੁਨੀਲ ਕੁਮਾਰ ਕਾਲਾ, ਕੁਲਦੀਪ ਬੇਗੜਾ , ਸੋਨੀ ਬੇਗੜਾ, ਮੋਨੂ ਕੁਮਾਰ, ਰਾਜ ਕੁਮਾਰ ਰਾਜੂ, ਪਰਮਿੰਦਰ ਸਿੰਘ ਬਿੰਦਾ, ਰੋਮੀ, ਕ੍ਰਿਸ਼ਨ ਲਾਲ ਵੇਦ, ਰਮੇਸ਼ ਕੁਮਾਰ, ਸਲੀਮ ਪਾਵਾ, ਮੰਜੂ, ਪ੍ਰਿੰਸ ਬੇਗੜਾ ਹਾਜ਼ਰ ਸਨ।



ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।

PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.

PRGI (RNI) Regd. No. CHPUN/25/A1790

# ਮਹਾਤਮਾ ਜੋਤੀਬਾ ਰਾਓ ਫੂਲੇ ਤੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

## ਸਿੱਖਿਆ ਸੁਧਾਰਾਂ ਲਈ ਮਹਾਤਮਾ ਫੂਲੇ ਤੋਂ ਸੇਧ ਲੈਣੀ ਜ਼ਰੂਰੀ : ਕਮਲਜੀਤ ਬਨਵੈਤ

ਡੇਰਾਬੱਸੀ, 20 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਡਾ.ਬੀ.ਆਰ.ਅੰਬੇਡਕਰ ਐਜੂਕੇਸ਼ਨਲ ਸੁਸਾਇਟੀ, ਡੇਰਾਬੱਸੀ ਵੱਲੋਂ ਅੱਜ ਸਥਾਨਕ ਅੰਬੇਡਕਰ ਭਵਨ ਵਿਖੇ ਮਹਾਤਮਾ ਜੋਤੀਬਾ ਰਾਓ ਫੂਲੇ ਦਾ 198ਵਾਂ ਅਤੇ ਭਾਰਤ ਰਤਨ ਡਾ. ਬੀ.ਆਰ. ਅੰਬੇਡਕਰ ਦਾ 135 ਜਨਮ ਦਿਹਾੜਾ ਸਾਂਝੇ ਤੌਰ 'ਤੇ ਮਨਾਇਆ ਗਿਆ। ਸ਼੍ਰੋਮਣੀ ਪੱਤਰਕਾਰ ਅਤੇ ਪ੍ਰੋਫੈਸਰ ਆਫ਼ ਪ੍ਰੈਕਟਿਸ ਕਮਲਜੀਤ ਸਿੰਘ ਬਨਵੈਤ ਦੀ ਪ੍ਰਧਾਨਗੀ ਅਤੇ ਸੁਸਾਇਟੀ ਦੇ ਪ੍ਰਧਾਨ ਭਾਗ ਸਿੰਘ ਘੋੜੇਵਾਲ ਦੀ ਅਗਵਾਈ ਹੇਠ ਆਯੋਜਿਤ ਇਸ ਪ੍ਰੋਗਰਾਮ ਦੌਰਾਨ ਸੈਫ਼ਾਲੀ ਅੱਤਰੀ (ਐਚ.ਸੀ.ਐਸ) ਅਸਿਸਟੈਂਟ ਕਮਿਸ਼ਨਰ ਐਕਸਾਇਜ਼ ਐਂਡ ਟੈਕਸੇਸ਼ਨ ਵਿਭਾਗ, ਹਰਿਆਣਾ ਸਰਕਾਰ, ਦਲਿਤ ਚਿੰਤਕ ਅਤੇ ਸਾਹਿਤਕਾਰ ਫਤਿਹਜੰਗ ਸਿੰਘ, ਸ਼ਹੀਦ ਗੁਰਪ੍ਰੀਤ ਸਿੰਘ ਚੈਰੀਟੇਬਲ ਅਕੈਡਮੀ ਦੇ ਸੰਸਥਾਪਕ ਸਾਹਿਬ ਸਿੰਘ ਧਰਮਗੜ੍ਹ (ਏ.ਐਸ.ਆਈ.), ਅਤੇ ਯੂ.ਪੀ.ਐਸ.ਸੀ. ਪ੍ਰੀਖਿਆ 'ਚ 422ਵਾਂ ਰੈਂਕ ਪ੍ਰਾਪਤ ਕਰਨ ਵਾਲੀ ਜਸਪ੍ਰੀਤ ਕੌਰ ਪ੍ਰਧਾਨਗੀ ਮੰਡਲ 'ਚ ਸ਼ਾਮਿਲ ਸਨ। ਸ਼ਮ੍ਹਾ ਰੋਸ਼ਨ ਦੀ ਰਸਮ ਉਪਰੰਤ ਸੁਸਾਇਟੀ ਦੇ ਜਨਰਲ ਸਕੱਤਰ ਐਡਵੋਕੇਟ ਅਨਮੋਲ ਸਿੰਘ ਨੇ ਸੁਸਾਇਟੀ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸੁਸਾਇਟੀ ਦੇ ਜੁਆਇੰਟ ਸਕੱਤਰ ਜੈ ਪਾਲ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ। ਬਨਵੈਤ ਨੇ ਸੰਬੋਧਨ ਕਰਦਿਆਂ ਕਿਹਾ ਕਿ,' ਮਹਾਤਮਾ ਜੋਤੀਬਾ ਰਾਓ ਫੂਲੇ ਮੁੱਢਲੇ ਸਮਾਜ ਸੁਧਾਰਕਾਂ ਵਿੱਚੋਂ ਸਨ ਅਤੇ ਵਰਤਮਾਨ ਸਰਕਾਰਾਂ ਨੂੰ ਸਿੱਖਿਆ ਦੇ ਖੇਤਰ 'ਚ ਪਏ ਖੱਪਿਆਂ ਨੂੰ ਪੂਰਾ ਕਰਨ ਲਈ ਮਹਾਤਮਾ ਫੂਲੇ ਤੋਂ ਸੇਧ ਲੈਣੀ ਚਾਹੀਦੀ ਹੈ। ਸੈਫ਼ਾਲੀ ਅੱਤਰੀ ਨੇ ਕਿਹਾ ਕਿ ਮਹਾਤਮਾ ਫੂਲੇ ਅਤੇ ਅੰਬੇਡਕਰ ਮਹਾਨ ਸਖ਼ਸ਼ੀਅਤਾਂ ਸਨ ਜਿਨ੍ਹਾਂ ਨੇ ਸਦੀਆਂ ਤੋਂ ਪੀੜ੍ਹਤ ਔਰਤਾਂ ਨੂੰ ਆਪਣੇ ਚਿੰਤਨ ਅਤੇ ਕਾਰਜਾਂ ਦੁਆਰਾ ਬਰਾਬਰੀ ਦੇ ਰਾਹ ਤੋਰਿਆ ਸੀ। ਇਸ ਦੌਰਾਨ ਫਤਿਹਜੰਗ ਸਿੰਘ, ਰੋਟੇਰੀਅਨ ਭੁਪਿੰਦਰ ਸੈਣੀ, ਸਾਹਿਬ ਸਿੰਘ, ਮਾਸਟਰ ਸ਼ਿਵਚਰਨ ਸਿੰਘ ਸੈਣੀ, ਕ੍ਰਿਸ਼ਨ ਰਾਠੀ, ਜਤਿੰਦਰ ਕੁਮਾਰ, ਗੁਰਨਾਮ ਸਿੰਘ ਲਾਲੜੂ ਅਤੇ ਮੁਲਾਜ਼ਮ ਆਗੂ ਸੁਖਦੇਵ ਸਿੰਘ ਸੈਣੀ ਨੇ ਵੀ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਗੀਤਕਾਰ ਜੈਲਦਾਰ ਸਿੰਘ ਹਸਮੁਖ ਨੇ ਗੀਤ ਸੁਣਾਏ। ਇਸ ਦੌਰਾਨ ਸੁਸਾਇਟੀ ਵੱਲੋਂ ਪ੍ਰੋਗਰਾਮ 'ਚ ਸ਼ਾਮਲ ਹੋਏ ਵਿਸ਼ੇਸ਼ ਮਹਿਮਾਨਾਂ ਨੂੰ ਉਚੇਚੇ ਤੌਰ 'ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਪ੍ਰੋਗਰਾਮ 'ਚ ਡਾ.ਅਨਿਕੇਤ ਸੈਣੀ, ਕ੍ਰਿਸ਼ਨ ਲਾਲ ਸੈਣੀ, ਸਤਪਾਲ ਸਿੰਘ, ਸੁਸਾਇਟੀ ਦੇ ਸਾਬਕਾ ਪ੍ਰਧਾਨ ਭਾਗ ਸਿੰਘ, ਐਸਡੀਓ ਨਰਿੰਦਰ ਕੁਮਾਰ, ਦੇਸ਼ ਸੇਵਕ ਤੋਂ ਕੁਲਬੀਰ ਸਿੰਘ, ਕਾਂਗਰਸੀ ਆਗੂ ਬਲਿਹਾਰ ਸਿੰਘ ਬੱਲੀ, ਪ੍ਰੈਸ ਕਲੱਬ ਸਬ-ਡਵੀਜ਼ਨ ਡੇਰਾਬੱਸੀ ਦੇ ਪ੍ਰਧਾਨ ਗੁਰਜੀਤ ਸਿੰਘ ਈਸਾਪੁਰ, ਹਰਵਿੰਦਰ ਕੁਮਾਰ, ਬਾਰ ਐਸੋਸੀਏਸ਼ਨ ਡੇਰਾਬੱਸੀ ਦੇ ਪ੍ਰਧਾਨ ਵਿਕਰਮਜੀਤ ਸਿੰਘ, ਹਰਵਿੰਦਰ ਸਿੰਘ ਪਟਵਾਰੀ, ਲਖਬੀਰ ਸਿੰਘ ਲੱਖਾ, ਡਾ. ਬੀ.ਆਰ. ਅੰਬੇਡਕਰ ਸੇਵਾ ਸੁਸਾਇਟੀ ਲਾਲੜੂ ਤੋਂ ਪ੍ਰਧਾਨ ਰੁਲਦਾ ਰਾਮ, ਜਸਬੀਰ ਸਿੰਘ, ਐਡਵੋਕੇਟ ਸਾਹਿਬਾਨ ਰਾਜੇਸ਼ ਕੁਮਾਰ ਸਾਗਰ, ਪ੍ਰਦੀਪ ਰਾਣਾ, ਦਵਿੰਦਰ ਸਿੰਘ, ਜਤਿੰਦਰ ਸਿੰਘ ਗਾਂਧੀ, ਗੁਰਜੰਟ ਸਿੰਘ ਰਘਬੀਰ ਸਿੰਘ ਕਕਰਾਲੀ, ਸੀਮਾ ਸ਼ਰਮਾ, ਕਮਲਦੀਪ ਕੌਰ, ਮਹਿੰਦਰ ਕੌਰ ਸਮੇਤ ਸੁਸਾਇਟੀ ਦੇ ਅਹੁਦੇਦਾਰ ਸੁਰਿੰਦਰ ਸਿੰਘ, ਕਰਮ ਸਿੰਘ, ਪ੍ਰੋ: ਰਵਿੰਦਰ ਸਿੰਘ, ਵਰਿੰਦਰਪਾਲ ਸਿੰਘ, ਗੁਰਜਿੰਦਰ ਸਿੰਘ ਬੜਾਣਾ, ਜਗਦੀਪ ਸਿੰਘ ਅਤੇ ਹਰਭਜਨ ਸਿੰਘ ਸਮੇਤ ਸਮੂਹ ਮੈਂਬਰਾਨ ਹਾਜ਼ਰ ਸਨ।



# ਈਰਾਨ ਯੁੱਧ: 50 ਬਿਲੀਅਨ ਡਾਲਰ ਦਾ ਨੁਕਸਾਨ




ਤਹਿਰਾਨ- ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਦਾ ਪ੍ਰਭਾਵ ਹੁਣ ਦੁਨੀਆ ਦੇ ਵਿੱਤ 'ਤੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਲਗਭਗ 50 ਦਿਨਾਂ ਵਿੱਚ, 50 ਬਿਲੀਅਨ ਡਾਲਰ ਦਾ ਤੇਲ ਬਾਜ਼ਾਰ ਤੋਂ ਗਾਇਬ ਹੋ ਗਿਆ ਹੈ, ਜਿਸ ਨਾਲ ਵਿਸ਼ਵਵਿਆਪੀ ਸਪਲਾਈ ਅਤੇ ਕੀਮਤਾਂ 'ਤੇ ਕਾਫ਼ੀ ਪ੍ਰਭਾਵ ਪਿਆ ਹੈ। ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਸਿਰਫ ਫੌਜੀ ਟਕਰਾਅ ਤੱਕ ਸੀਮਤ ਨਹੀਂ ਹੈ; ਇਸਦਾ ਸਿੱਧਾ ਅਸਰ ਵਿਸ਼ਵ ਅਰਥਵਿਵਸਥਾ 'ਤੇ ਪਿਆ ਹੈ। ਲਗਭਗ 50 ਦਿਨਾਂ ਵਿੱਚ, 50 ਬਿਲੀਅਨ ਡਾਲਰ ਤੋਂ ਵੱਧ ਦਾ ਕੱਚਾ ਤੇਲ ਗਲੋਬਲ ਬਾਜ਼ਾਰ ਤੋਂ ਗਾਇਬ ਹੋ ਗਿਆ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਇਸਦਾ ਪ੍ਰਭਾਵ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਤੱਕ ਮਹਿਸੂਸ ਕੀਤਾ ਜਾਵੇਗਾ। ਰਿਪੋਰਟਾਂ ਅਤੇ ਵਿਸ਼ਲੇਸ਼ਕਾਂ ਦੇ ਅਨੁਸਾਰ, ਫਰਵਰੀ ਦੇ ਅਖੀਰ ਵਿੱਚ ਟਕਰਾਅ ਸ਼ੁਰੂ ਹੋਣ ਤੋਂ ਬਾਅਦ ਲਗਭਗ 500 ਮਿਲੀਅਨ ਬੈਰਲ ਕੱਚਾ ਤੇਲ ਅਤੇ ਕੰਡੈਂਸੇਟ ਬਾਜ਼ਾਰ ਤੱਕ ਪਹੁੰਚਣ ਵਿੱਚ ਅਸਮਰੱਥ ਰਹੇ ਹਨ। ਸਿੱਧੇ ਸ਼ਬਦਾਂ ਵਿੱਚ,
ਇਸਨੂੰ ਆਧੁਨਿਕ ਸਮੇਂ ਵਿੱਚ ਸਭ ਤੋਂ ਵੱਡੀ ਊਰਜਾ ਸਪਲਾਈ ਦੀ ਘਾਟ ਮੰਨਿਆ ਜਾਂਦਾ ਹੈ।
ਬਾਜ਼ਾਰ ਵਿੱਚੋਂ 500 ਮਿਲੀਅਨ ਬੈਰਲ ਤੇਲ ਦੇ ਗਾਇਬ ਹੋਣ ਦਾ ਮਹੱਤਵਪੂਰਨ ਪ੍ਰਭਾਵ ਪੈ ਸਕਦਾ ਹੈ। ਇਹ ਲਗਭਗ 10 ਹਫ਼ਤਿਆਂ ਲਈ ਦੁਨੀਆ ਭਰ ਵਿੱਚ ਹਵਾਈ ਯਾਤਰਾ ਨੂੰ ਸ਼ਕਤੀ ਦੇਣ ਜਾਂ ਲਗਭਗ 11 ਦਿਨਾਂ ਲਈ ਹਰ ਕਿਸਮ ਦੇ ਵਾਹਨਾਂ ਨੂੰ ਬਾਲਣ ਦੇਣ ਲਈ ਕਾਫ਼ੀ ਤੇਲ ਹੈ। ਭਾਵੇਂ ਗਲੋਬਲ ਤੇਲ ਸਪਲਾਈ ਅਚਾਨਕ ਬੰਦ ਹੋ ਜਾਵੇ, ਇਹ ਮਾਤਰਾ ਸਿਰਫ ਪੰਜ ਦਿਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰੇਗੀ। ਇਸੇ ਤਰ੍ਹਾਂ, ਇਹ ਤੇਲ ਸੰਯੁਕਤ ਰਾਜ ਅਮਰੀਕਾ ਲਈ ਲਗਭਗ ਇੱਕ ਮਹੀਨੇ ਦੀਆਂ ਜ਼ਰੂਰਤਾਂ ਦੇ ਬਰਾਬਰ ਹੈ, ਜਦੋਂ ਕਿ ਇਹ ਪੂਰੇ ਯੂਰਪ ਵਿੱਚ ਇੱਕ ਮਹੀਨੇ ਤੋਂ ਵੱਧ ਸਮੇਂ ਲਈ ਰਹਿ ਸਕਦਾ ਹੈ। ਫੌਜੀ ਉਦੇਸ਼ਾਂ ਲਈ, ਅਮਰੀਕੀ ਫੌਜ ਇਸ ਤੇਲ ਨਾਲ ਲਗਭਗ ਛੇ ਸਾਲਾਂ ਲਈ ਆਪਣੇ ਆਪ ਨੂੰ ਕਾਇਮ ਰੱਖ ਸਕਦੀ ਹੈ। ਇਸ ਤੋਂ ਇਲਾਵਾ, ਇਹ ਬਾਲਣ ਲਗਭਗ ਚਾਰ ਮਹੀਨਿਆਂ ਲਈ ਗਲੋਬਲ ਅੰਤਰਰਾਸ਼ਟਰੀ ਸ਼ਿਪਿੰਗ ਉਦਯੋਗ ਨੂੰ ਬਿਜਲੀ ਦੇਣ ਲਈ ਕਾਫ਼ੀ ਹੈ। ਇਸ ਯੁੱਧ ਤੋਂ ਖਾੜੀ ਦੇਸ਼ ਖਾਸ ਤੌਰ 'ਤੇ ਪ੍ਰਭਾਵਿਤ ਹੋਏ ਹਨ। ਮਾਰਚ ਵਿੱਚ, ਖਾੜੀ ਤੇਲ ਦੇ ਉਤਪਾਦਨ ਵਿੱਚ ਪ੍ਰਤੀ ਦਿਨ ਲਗਭਗ ਅੱਠ ਮਿਲੀਅਨ ਬੈਰਲ ਦੀ ਗਿਰਾਵਟ ਆਈ ਹੈ।
ਇਹ ਗਿਰਾਵਟ ਇੰਨੀ ਗੰਭੀਰ ਹੈ ਕਿ ਇਹ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਤੇਲ ਕੰਪਨੀਆਂ, ਐਕਸੋਨਮੋਬਿਲ ਅਤੇ ਸ਼ੈਵਰੋਨ ਦੇ ਸੰਯੁਕਤ ਉਤਪਾਦਨ ਦੇ ਬਰਾਬਰ ਹੋਣ ਦਾ ਅਨੁਮਾਨ ਹੈ। ਹਵਾਬਾਜ਼ੀ ਖੇਤਰ ਵੀ ਸਪੱਸ਼ਟ ਤੌਰ 'ਤੇ ਪ੍ਰਭਾਵਿਤ ਹੋਇਆ ਹੈ। ਸਾਊਦੀ ਅਰਬ, ਕਤਰ, ਯੂਏਈ, ਕੁਵੈਤ, ਬਹਿਰੀਨ ਅਤੇ ਓਮਾਨ ਤੋਂ ਜੈੱਟ ਈਂਧਨ ਨਿਰਯਾਤ, ਜੋ ਕਿ ਫਰਵਰੀ ਵਿੱਚ ਲਗਭਗ 19.6 ਮਿਲੀਅਨ ਬੈਰਲ ਸੀ, ਮਾਰਚ ਅਤੇ ਅਪ੍ਰੈਲ ਵਿੱਚ ਕੁੱਲ ਮਿਲਾ ਕੇ ਸਿਰਫ 4.1 ਮਿਲੀਅਨ ਬੈਰਲ ਰਹਿ ਗਿਆ। ਇਹ ਗਿਰਾਵਟ ਇੰਨੀ ਮਹੱਤਵਪੂਰਨ ਹੈ ਕਿ ਇਹ ਨਿਊਯਾਰਕ ਤੋਂ ਲੰਡਨ ਲਈ ਲਗਭਗ 20,000 ਉਡਾਣਾਂ ਨੂੰ ਸ਼ਕਤੀ ਪ੍ਰਦਾਨ ਕਰ ਸਕਦੀ ਸੀ। ਇਸ ਸਮੇਂ ਦੌਰਾਨ ਤੇਲ ਦੀਆਂ ਕੀਮਤਾਂ ਵੀ 100 ਡਾਲਰ ਪ੍ਰਤੀ ਬੈਰਲ ਤੋਂ ਵੱਧ ਗਈਆਂ, ਪਰ ਅਜੇ ਵੀ ਲਗਾਤਾਰ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰ ਰਹੀਆਂ ਹਨ। ਸਿੱਟੇ ਵਜੋਂ, ਸਪਲਾਈ ਦੀ ਕੁੱਲ ਲਾਗਤ ਜੋ ਬਾਜ਼ਾਰ ਤੱਕ ਨਹੀਂ ਪਹੁੰਚੀ ਹੈ, ਲਗਭਗ $50 ਬਿਲੀਅਨ ਹੋਣ ਦਾ ਅਨੁਮਾਨ ਹੈ। ਇਹ ਨੁਕਸਾਨ ਜਰਮਨੀ ਦੇ ਸਾਲਾਨਾ GDP ਦੇ ਲਗਭਗ 1%, ਜਾਂ ਲਾਤਵੀਆ ਜਾਂ ਐਸਟੋਨੀਆ ਵਰਗੇ ਛੋਟੇ ਦੇਸ਼ਾਂ ਦੀ ਪੂਰੀ ਆਰਥਿਕਤਾ ਦੇ ਬਰਾਬਰ ਹੈ।
ਜ਼ਮੀਨੀ ਤਸਵੀਰ ਅਜੇ ਵੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ। ਅਪ੍ਰੈਲ ਵਿੱਚ ਗਲੋਬਲ ਸਟੋਰੇਜ ਵਿੱਚ ਪਹਿਲਾਂ ਹੀ ਲਗਭਗ 45 ਮਿਲੀਅਨ ਬੈਰਲ ਦੀ ਗਿਰਾਵਟ ਆਈ ਹੈ, ਅਤੇ ਮਾਰਚ ਤੋਂ ਉਤਪਾਦਨ ਲਗਭਗ 12 ਮਿਲੀਅਨ ਬੈਰਲ ਪ੍ਰਤੀ ਦਿਨ ਪ੍ਰਭਾਵਿਤ ਹੋਇਆ ਹੈ। ਰਾਇਟਰਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਮਾਹਰਾਂ ਦਾ ਮੰਨਣਾ ਹੈ ਕਿ ਕੁਵੈਤ ਅਤੇ ਇਰਾਕ ਵਿੱਚ ਭਾਰੀ ਤੇਲ ਖੇਤਰਾਂ ਨੂੰ ਆਮ ਵਾਂਗ ਵਾਪਸ ਆਉਣ ਵਿੱਚ 4-5 ਮਹੀਨੇ ਲੱਗ ਸਕਦੇ ਹਨ। ਇਸ ਦੇ ਨਾਲ ਹੀ, ਰਿਫਾਇਨਿੰਗ ਅਤੇ ਗੈਸ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਮੁਰੰਮਤ ਵਿੱਚ ਕਈ ਸਾਲ ਲੱਗ ਸਕਦੇ ਹਨ।
ਸਪੱਸ਼ਟ ਨੁਕਤਾ ਇਹ ਹੈ ਕਿ ਇਹ ਯੁੱਧ ਸਿਰਫ਼ ਇੱਕ ਅਸਥਾਈ ਨੁਕਸਾਨ ਨਹੀਂ ਹੈ। ਇਸਦਾ ਪ੍ਰਭਾਵ ਰਹੇਗਾ। ਤੇਲ ਦੀਆਂ ਕੀਮਤਾਂ ਤੋਂ ਲੈ ਕੇ ਆਵਾਜਾਈ, ਹਵਾਬਾਜ਼ੀ ਅਤੇ ਰੋਜ਼ਾਨਾ ਦੀਆਂ ਚੀਜ਼ਾਂ ਤੱਕ ਹਰ ਚੀਜ਼ ਵਿੱਚ ਮਹਿੰਗਾਈ ਦੇਖੀ ਜਾ ਸਕਦੀ ਹੈ। ਇਹ ਦੁਨੀਆ ਲਈ ਇੱਕ ਵੱਡਾ ਝਟਕਾ ਹੈ, ਜੋ ਜਲਦੀ ਹੀ ਠੀਕ ਹੁੰਦਾ ਨਹੀਂ ਜਾਪਦਾ।

**ਪੇਜ਼ੇਸ਼ਕੀਅਨ ਨੇ ਟਰੰਪ 'ਤੇ ਹਮਲਾ ਕੀਤਾ**

ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਇੱਕ ਵਾਰ ਫਿਰ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਦੇਸ਼ ਆਪਣੇ ਪ੍ਰਮਾਣੂ ਅਧਿਕਾਰਾਂ ਨਾਲ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਨੇ ਸਿੱਧੇ ਤੌਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਅਮਰੀਕਾ ਨੂੰ ਇਹ ਦੱਸਣ ਦਾ ਕੋਈ ਅਧਿਕਾਰ ਨਹੀਂ ਹੈ ਕਿ ਈਰਾਨ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ।
ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਕਿਹਾ, "ਟਰੰਪ ਕਹਿੰਦਾ ਹੈ ਕਿ ਈਰਾਨ ਆਪਣੇ ਪ੍ਰਮਾਣੂ ਅਧਿਕਾਰਾਂ ਦੀ ਵਰਤੋਂ ਨਹੀਂ ਕਰ ਸਕਦਾ, ਪਰ ਉਹ ਇਹ ਨਹੀਂ ਦੱਸਦੇ ਕਿ ਕਿਸ ਅਪਰਾਧ ਲਈ। ਉਹ ਕੌਣ ਹੁੰਦਾ ਹੈ ਜੋ ਕਿਸੇ ਦੇਸ਼ ਦੇ ਅਧਿਕਾਰ ਖੋਹਦਾ ਹੈ?" ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਅਤੇ ਈਰਾਨ ਵਿਚਕਾਰ ਪ੍ਰਮਾਣੂ ਮੁੱਦੇ 'ਤੇ ਚੱਲ ਰਹੇ ਟਕਰਾਅ ਦਾ ਸਾਹਮਣਾ ਹੋ ਰਿਹਾ ਹੈ। ਅਮਰੀਕਾ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਈਰਾਨ ਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣਾ ਉਸਦੀ ਤਰਜੀਹ ਹੈ। ਇਸ ਦੌਰਾਨ, ਈਰਾਨ ਨੇ ਵਾਰ-ਵਾਰ ਕਿਹਾ ਹੈ ਕਿ ਉਹ ਪ੍ਰਮਾਣੂ ਹਥਿਆਰ ਵਿਕਸਤ ਨਹੀਂ ਕਰ ਰਿਹਾ ਹੈ, ਪਰ ਉਹ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਕਿਸੇ ਵੀ ਪਾਬੰਦੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਰਾਸ਼ਟਰਪਤੀ ਪੇਜ਼ੇਸ਼ਕੀਅਨ ਨੇ ਆਪਣੇ ਬਿਆਨ ਵਿੱਚ ਇਹ ਵੀ ਸਪੱਸ਼ਟ ਕੀਤਾ ਕਿ ਈਰਾਨ ਯੁੱਧ ਨਹੀਂ ਚਾਹੁੰਦਾ, ਪਰ ਜੇਕਰ ਦਬਾਅ ਪਾਇਆ ਗਿਆ ਤਾਂ ਉਹ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਆਪਣਾ ਬਚਾਅ ਕਰ ਰਿਹਾ ਹੈ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇਹ ਟਕਰਾਅ "ਸਨਮਾਨ ਨਾਲ" ਖਤਮ ਹੋਵੇ। ਈਰਾਨ ਦਾ ਮੌਜੂਦਾ ਰੁਖ਼ ਸਪੱਸ਼ਟ ਤੌਰ 'ਤੇ ਵੰਡਿਆ ਹੋਇਆ ਦਿਖਾਈ ਦਿੰਦਾ ਹੈ। ਇੱਕ ਪਾਸੇ, ਇਹ ਗੱਲਬਾਤ ਅਤੇ ਗੱਲਬਾਤ ਲਈ ਤਿਆਰ ਹੈ,
ਜਦੋਂ ਕਿ ਦੂਜੇ ਪਾਸੇ, ਇਹ ਲੋੜ ਪੈਣ 'ਤੇ ਟਕਰਾਅ ਲਈ ਆਪਣੀ ਪੂਰੀ ਤਿਆਰੀ ਦਾ ਪ੍ਰਦਰਸ਼ਨ ਵੀ ਕਰ ਰਿਹਾ ਹੈ। ਹਾਲ ਹੀ ਦੇ ਦਿਨਾਂ ਵਿੱਚ, ਗੱਲਬਾਤ ਨੂੰ ਲੈ ਕੇ ਈਰਾਨ ਤੋਂ ਕੁਝ ਸਕਾਰਾਤਮਕ ਸੰਕੇਤ ਮਿਲੇ ਹਨ। ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਹੋਰਮੁਜ਼ ਜਲਡਮਰੂ ਨੂੰ ਵਪਾਰਕ ਜਹਾਜ਼ਾਂ ਲਈ ਖੋਲ੍ਹਣ ਦੀ ਮੰਗ ਕੀਤੀ। ਹਾਲਾਂਕਿ, ਰੈਵੋਲਿਊਸ਼ਨਰੀ ਗਾਰਡਜ਼ ਨੇ ਜਲਦੀ ਹੀ ਇੱਕ ਵੱਖਰਾ ਰੁਖ਼ ਅਪਣਾਇਆ, ਪਾਬੰਦੀਆਂ ਜਾਰੀ ਰੱਖਣ ਦੀ ਸਹੁੰ ਖਾਧੀ ਅਤੇ ਅਮਰੀਕਾ 'ਤੇ "ਸਮੁੰਦਰੀ ਡਾਕੂ" ਦਾ ਦੋਸ਼ ਲਗਾਇਆ। ਇਹ ਵੱਖ-ਵੱਖਰੇ ਬਿਆਨ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਈਰਾਨ ਇਸ ਮਾਮਲੇ ਵਿੱਚ ਆਪਣੇ ਵਿਕਲਪਾਂ ਨੂੰ ਵੱਧ ਤੋਂ ਵੱਧ ਕਰਨਾ ਚਾਹੁੰਦਾ ਹੈ। ਇੱਕ ਪਾਸੇ, ਇਹ ਗੱਲਬਾਤ ਵਿੱਚ ਇੱਕ ਮਜ਼ਬੂਤ ਸਥਿਤੀ ਸਥਾਪਤ ਕਰਨਾ ਚਾਹੁੰਦਾ ਹੈ, ਜਦੋਂ ਕਿ ਦੂਜੇ ਪਾਸੇ, ਇਹ ਦਬਾਅ ਵੀ ਬਣਾਈ ਰੱਖਣਾ ਚਾਹੁੰਦਾ ਹੈ।
ਆਉਣ ਵਾਲੇ ਦਿਨਾਂ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਦੇ ਇੱਕ ਹੋਰ ਦੌਰ ਦੀ ਸੰਭਾਵਨਾ ਉਭਾਰੀ ਜਾ ਰਹੀ ਹੈ। ਇਸ ਸੰਦਰਭ ਵਿੱਚ, ਪੇਜ਼ੇਸ਼ਕੀਅਨ ਦਾ ਬਿਆਨ ਇੱਕ ਸਪੱਸ਼ਟ ਸੰਦੇਸ਼ ਦਿੰਦਾ ਹੈ: ਈਰਾਨ ਗੱਲਬਾਤ ਕਰੇਗਾ, ਪਰ ਆਪਣੇ ਅਧਿਕਾਰਾਂ ਤੋਂ ਮੁਨਕਰ ਨਹੀਂ ਹੋਵੇਗਾ।

---

EXCLUSIVE INTERVIEW ਮੁਕੇਸ਼ ਭਾਰਦਵਾਜ

## ਸੁਨੀਲ ਜਾਖੜ ਨਾਲ ਵਿਸ਼ੇਸ਼ ਮੁਲਾਕਾਤ

# 'ਆਪ' ਨੇ ਦਿੱਲੀ ਦਾ ਕੂੜਾ ਪੰਜਾਬ ਵਿੱਚ ਸੁੱਟਿਆ, ਹਾਲਾਤ ਖ਼ਰਾਬ

## ਵਿਸ਼ੇਸ਼ ਖੁਲਾਸਾ! ਕੀ ਪੰਜਾਬ ਬਣੇਗਾ ਕੂੜਾਦਾਨ?



ਭਾਜਪਾ ਪੰਜਾਬ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਦਾ ਸਾਰਾ ਰਾਜਨੀਤਿਕ ਕੂੜਾ ਪੰਜਾਬ ਵਿੱਚ ਸੁੱਟ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਸਰਹੱਦੀ ਖੇਤਰ ਹੈ ਜਿਸਦਾ ਧਿਆਨ ਕੇਂਦਰ ਸਰਕਾਰ ਤੋਂ ਲੈ ਕੇ ਪੂਰੇ ਦੇਸ਼ ਤੱਕ ਸਾਰਿਆਂ ਨੂੰ ਰੱਖਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਇੱਕ "ਗਿਰੋਹ" ਪੰਜਾਬ ਨੂੰ ਲੁੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਵੰਡਪਾਊ ਮਾਨਸਿਕਤਾ ਹੈ। 'ਆਪ' ਦੇ ਸੰਸਦ ਮੈਂਬਰ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਛਾਪੇਮਾਰੀ ਬਾਰੇ ਉਨ੍ਹਾਂ ਕਿਹਾ ਕਿ ਇਹ ਬਹੁਤ ਦੇਰ ਨਾਲ ਚੁੱਕਿਆ ਗਿਆ ਇੱਕ ਛੋਟਾ ਜਿਹਾ ਕਦਮ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ ਪੰਜਾਬ ਦੇ ਅਸਲ ਮੁੱਖ ਮੰਤਰੀ ਹਨ, ਜਦੋਂ ਕਿ ਅਰਵਿੰਦ ਕੇਜਰੀਵਾਲ ਅਸਲ ਮੁੱਖ ਮੰਤਰੀ ਹਨ। ਸੀਨੀਅਰ ਪੱਤਰਕਾਰ ਮੁਕੇਸ਼ ਭਾਰਦਵਾਜ ਦੀ ਸੁਨੀਲ ਜਾਖੜ ਨਾਲ ਕੀਤੀ ਗਈ ਵਿਸਤ੍ਰਿਤ ਗੱਲਬਾਤ ਦੇ ਅੰਸ਼।

**ਪੰਜਾਬ ਇੱਕ ਚੋਣ ਸਾਲ ਵਿੱਚ ਦਾਖਲ ਹੋ ਗਿਆ ਹੈ। ਪੂਰਾ ਦੇਸ਼ ਪੰਜਾਬ ਵੱਲ ਦੇਖ ਰਿਹਾ ਹੈ। ਇਹ ਇੱਕ ਅਜਿਹਾ ਰਾਜ ਹੈ ਜਿੱਥੇ ਭਾਜਪਾ ਆਪਣਾ ਝੰਡਾ ਨਹੀਂ ਲਹਿਰਾ ਸਕੀ ਹੈ। ਤੁਸੀਂ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਨੂੰ ਕਿਵੇਂ ਦੇਖਦੇ ਹੋ?**

ਸੁਨੀਲ ਜਾਖੜ: ਤੁਹਾਡੇ ਕੋਲ ਦੋ ਸਵਾਲ ਹਨ। ਤੁਸੀਂ ਦੇਸ਼ ਦਾ ਪੰਜਾਬ ਵੱਲ ਧਿਆਨ ਦੇਣ ਦਾ ਇੱਕ ਵੱਖਰਾ ਕਾਰਨ ਦੱਸਿਆ ਹੈ, ਪਰ ਮੇਰਾ ਮੰਨਣਾ ਹੈ ਕਿ ਦੇਸ਼ ਦਾ ਧਿਆਨ ਕਿਸੇ ਵੀ ਤਰ੍ਹਾਂ ਪੰਜਾਬ ਵੱਲ ਕੇਂਦਰਿਤ ਹੋਣਾ ਚਾਹੀਦਾ ਹੈ। ਭੂਗੋਲਿਕ ਤੌਰ 'ਤੇ, ਅਸੀਂ ਇੱਕ ਅਜਿਹੇ ਦੇਸ਼ ਨਾਲ ਲੱਗਦੇ ਹਾਂ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਦੋਸਤ ਬਦਲ ਸਕਦੇ ਹਨ, ਪਰ ਗੁਆਂਢੀ ਨਹੀਂ ਬਦਲ ਸਕਦੇ। ਗੁਆਂਢੀ ਦੇ ਇਰਾਦੇ ਹਮੇਸ਼ਾ ਮਾੜੇ ਰਹੇ ਹਨ। ਪੰਜਾਬ ਦੀ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ, ਨਾ ਸਿਰਫ਼ ਦੇਸ਼ ਦਾ ਧਿਆਨ ਇਸ ਵੱਲ ਕੇਂਦਰਿਤ ਹੋਣਾ ਚਾਹੀਦਾ ਹੈ, ਸਗੋਂ ਪੂਰੇ ਦੇਸ਼ ਨੂੰ ਇਸ ਰਾਜ ਬਾਰੇ ਵੀ ਚਿੰਤਤ ਹੋਣਾ ਚਾਹੀਦਾ ਹੈ।

**ਹਾਲਾਤ ਕਿਵੇਂ ਹਨ? ਕਿਰਪਾ ਕਰਕੇ ਵਿਸਥਾਰ ਨਾਲ ਦੱਸੋ।**

ਸੁਨੀਲ ਜਾਖੜ: ਮੈਂ ਸਥਿਤੀ ਦੇ ਨਾਲ-ਨਾਲ ਕਾਰਨਾਂ ਦੀ ਵਿਆਖਿਆ ਕਰਾਂਗਾ। ਕਾਰਨ ਲੀਡਰਸ਼ਿਪ ਦਾ ਖਲਾਅ ਹੈ। ਪ੍ਰਭਾਵਸ਼ਾਲੀ ਲੀਡਰਸ਼ਿਪ ਦੀ ਅਣਹੋਂਦ ਨੇ ਕਾਨੂੰਨ ਅਤੇ ਪ੍ਰਸ਼ਾਸਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਢਹਿ-ਢੇਰੀ ਕਰ ਦਿੱਤਾ ਹੈ। ਕੱਟੜਪੰਥੀਆਂ ਦੇ ਉਭਾਰ ਨਾਲ ਇਹ ਕਿਹੋ ਜਿਹਾ ਮਾਹੌਲ ਪੈਦਾ ਕਰ ਰਿਹਾ ਹੈ? ਪੰਦਰਾਂ ਸਾਲ ਦੇ ਬੱਚੇ ਅਪਰਾਧ ਅਤੇ ਗੈਂਗ ਯੁੱਧ ਵਿੱਚ ਸ਼ਾਮਲ ਹਨ। 25 ਤੋਂ 28 ਸਾਲ ਦੀ ਨੌਜਵਾਨ ਪੀੜ੍ਹੀ, ਜਿਸਨੂੰ ਅਸੀਂ ਆਪਣਾ ਜਨਸੰਖਿਆ ਲਾਭਅੰਸ਼ ਮੰਨਦੇ ਹਾਂ, ਇਸ ਤੋਂ ਪ੍ਰਭਾਵਿਤ ਹੋਈ ਹੈ। ਇਹ ਨੌਜਵਾਨ ਪੀੜ੍ਹੀ ਕੁਝ ਰੁਪਏ ਲਈ ਗੈਂਗਸਟਰਾਂ ਲਈ ਏਜੰਟ ਵਜੋਂ ਕੰਮ ਕਰ ਰਹੀ ਹੈ। ਇਹ ਪੀੜ੍ਹੀ ਸਰਹੱਦ 'ਤੇ ਬੈਠੇ ਦੁਸ਼ਮਣਾਂ ਲਈ ਕੱਚੇ ਮਾਲ ਵਾਂਗ ਹੈ। ਇਹ ਨੌਜਵਾਨ ਬਾਰੂਦ ਬਣ ਗਏ ਹਨ, ਉਨ੍ਹਾਂ ਨੂੰ ਸਿਰਫ਼ ਇੱਕ ਚੰਗਿਆੜੀ ਦੀ ਲੋੜ ਹੈ। ਪੰਜਾਬ ਦੇ ਲੋਕਾਂ ਨੇ ਅੱਤਵਾਦ ਦੇ ਕਾਲੇ ਦਿਨਾਂ ਦਾ ਸਾਹਮਣਾ ਕੀਤਾ ਹੈ। ਇਨ੍ਹਾਂ ਹਾਲਾਤਾਂ ਨੂੰ ਦੇਖਦੇ ਹੋਏ, ਪੂਰੇ ਦੇਸ਼ ਅਤੇ ਕੇਂਦਰ ਸਰਕਾਰ ਨੂੰ ਪੰਜਾਬ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਭਾਜਪਾ ਦੀ ਸਥਿਤੀ ਬਾਰੇ ਤੁਹਾਡੇ ਸਵਾਲ ਨੂੰ ਇਤਿਹਾਸ ਵਿੱਚ ਝਾਤ ਮਾਰਨ ਦੀ ਲੋੜ ਹੈ। ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ, ਤਾਂ ਉਨ੍ਹਾਂ ਅਤੇ ਅਕਾਲੀ ਦਲ ਵਿਚਕਾਰ ਗੱਠਜੋੜ ਇੱਕ ਸਮਾਜਿਕ ਸੀ, ਰਾਜਨੀਤਿਕ ਨਹੀਂ। ਫਿਰ ਵੀ, ਗੁਆਂਢੀ ਦੇਸ਼ ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਸੀ। ਜਿਸ ਤਰ੍ਹਾਂ ਲੋਕਾਂ ਨੂੰ ਬੱਸਾਂ ਤੋਂ ਉਤਾਰ ਕੇ ਉਨ੍ਹਾਂ ਦੇ ਧਰਮ ਅਤੇ ਜਾਤ ਬਾਰੇ ਪੁੱਛਣ ਤੋਂ ਬਾਅਦ ਮਾਰਿਆ ਗਿਆ, ਉਹ ਸਾਡੇ ਭਾਈਚਾਰੇ ਨੂੰ ਤੋੜਨ ਦੀ ਸਾਜ਼ਿਸ਼ ਸੀ। ਭਾਈਚਾਰੇ ਨੂੰ ਬਣਾਈ ਰੱਖਣ ਲਈ, ਵਾਜਪਾਈ ਦੀ ਅਗਵਾਈ ਵਿੱਚ ਅਕਾਲੀ ਦਲ ਨਾਲ ਇੱਕ ਸਮਝੌਤਾ ਹੋਇਆ। ਰਾਸ਼ਟਰੀ ਪਾਰਟੀ, ਭਾਜਪਾ ਨੇ ਸਿਰਫ਼ ਪੰਜਾਬ ਨੂੰ ਬਚਾਉਣ ਲਈ ਇੱਕ ਖੇਤਰੀ ਪਾਰਟੀ ਨਾਲ ਸਮਝੌਤਾ ਕੀਤਾ। ਇਹ ਪੰਜਾਬ ਨੂੰ ਬਚਾਉਣ ਲਈ ਭਾਜਪਾ ਦੁਆਰਾ ਇੱਕ ਕੁਰਬਾਨੀ ਸੀ। ਬਾਦਲ ਸਾਹਿਬ ਆਪਣੇ ਆਪ ਨੂੰ ਕਿਸਾਨਾਂ ਅਤੇ ਪੇਂਡੂਆਂ ਦਾ ਪ੍ਰਤੀਨਿਧੀ ਕਹਿੰਦੇ ਸਨ। ਇਸ ਲਈ, ਅਸੀਂ ਤਿੰਨ ਖੇਤੀਬਾੜੀ ਕਾਨੂੰਨਾਂ 'ਤੇ ਪਾਰਟੀ ਦੇ ਵਿਚਾਰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਅਸਮਰੱਥ ਸੀ। ਸਥਾਪਿਤ ਧਾਰਨਾਵਾਂ ਨੂੰ ਤੋੜਨ ਵਿੱਚ ਸਮਾਂ ਲੱਗਦਾ ਹੈ। ਭਾਜਪਾ ਨੂੰ ਪੰਜਾਬ ਅਤੇ ਸਿੱਖਾਂ ਦੇ ਵਿਰੁੱਧ ਹੋਣ ਵਜੋਂ ਦਰਸਾਇਆ ਗਿਆ ਹੈ, ਜੋ ਕਿ ਸੱਚਾਈ ਤੋਂ ਬਹੁਤ ਦੂਰ ਹੈ। ਸੱਚਾਈ ਇਹ ਹੈ ਕਿ ਨਰਿੰਦਰ ਮੋਦੀ ਨੇ ਸਿੱਖ ਧਰਮ ਲਈ ਉਹ ਸਭ ਕੁਝ ਕੀਤਾ ਹੈ ਜੋ ਸਿੱਖ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਹੀਂ ਕਰ ਸਕੇ।

**ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੂੰ ਭਰੋਸਾ ਹੈ ਕਿ ਪਾਰਟੀ ਨੇ ਪੰਜਾਬ ਵਿੱਚ ਆਪਣੇ ਪੈਰ ਜਮਾ ਲਏ ਹਨ। ਕੀ ਉਨ੍ਹਾਂ ਨੂੰ ਉੱਥੋਂ ਸਹੀ ਜ਼ਮੀਨੀ ਰਿਪੋਰਟਾਂ ਮਿਲ ਰਹੀਆਂ ਹਨ? ਤੁਸੀਂ ਦਾਅਵਾ ਕਰਦੇ ਹੋ ਕਿ ਭਾਜਪਾ ਪੰਜਾਬ ਦੇ ਪੇਂਡੂ ਖੇਤਰਾਂ ਤੱਕ ਪਹੁੰਚ ਗਈ ਹੈ। ਇਸ ਦਾਅਵੇ ਦਾ ਜ਼ਮੀਨੀ ਆਧਾਰ ਕੀ ਹੈ? ਕਿਰਪਾ ਕਰਕੇ ਸਪੱਸ਼ਟ ਕਰੋ।**

ਸੁਨੀਲ ਜਾਖੜ: ਬਾਦਲ ਸਾਹਿਬ ਦੀ ਸ਼ਖ਼ਸੀਅਤ ਕਾਰਨ ਪਿੰਡਾਂ ਵਿੱਚ ਲਕਸ਼ਮਣ ਰੇਖਾ ਖਿੱਚੀ ਗਈ ਸੀ। ਹੁਣ, ਇਹ ਸਭ ਟੁੱਟ ਗਿਆ ਹੈ। ਭਾਜਪਾ ਪੰਜਾਬ ਦੇ ਕਿਸਾਨਾਂ ਤੱਕ ਪਹੁੰਚ ਗਈ ਹੈ। ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ, ਪੂਰੇ ਦੇਸ਼ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਦਾ ਇੱਕ ਵਾਰ ਲਗਭਗ 65,000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਗਿਆ ਸੀ। ਅੱਜ, ਮੋਦੀ ਸਾਹਿਬ ਦੀ ਕਿਸਾਨ ਨਿਧੀ ਦੇ ਤਹਿਤ, ਹਰ ਸਾਲ ਲਗਭਗ 80,000 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਸਿੱਧੇ ਨਕਦ ਟ੍ਰਾਂਸਫਰ ਮਿਲ ਰਹੇ ਹਨ। ਜੰਗ ਦੇ ਇਸ ਸਮੇਂ ਵਿੱਚ ਵੀ, ਜਦੋਂ ਮਹਿੰਗਾਈ ਅਸਮਾਨ ਛੂਹ ਰਹੀ ਹੈ, ਯੂਰੀਆ ਅਤੇ ਖਾਦਾਂ ਦੀਆਂ ਕੀਮਤਾਂ ਸਥਿਰ ਹਨ। ਸਿਰਫ਼ ਇਸ ਲਈ ਕਿ ਸਾਡੇ ਕੋਲ ਪੰਜਾਬ ਦੇ ਪਿੰਡਾਂ ਵਿੱਚ ਲੀਡਰਸ਼ਿਪ ਨਹੀਂ ਸੀ, ਇਸਦਾ ਮਤਲਬ ਇਹ ਨਹੀਂ ਕਿ ਅਸੀਂ ਉੱਥੇ ਮੌਜੂਦ ਨਹੀਂ ਸੀ। ਸਾਡੇ ਵਰਕਰ ਕੰਮ ਕਰ ਰਹੇ ਸਨ। ਹਾਲਾਂਕਿ, ਪੰਜਾਬ ਵਿੱਚ ਭਾਜਪਾ ਦੀ ਧਾਰਨਾ ਵੀ ਇੱਕ ਅੰਤਰਰਾਸ਼ਟਰੀ ਸਾਜ਼ਿਸ਼ ਦੁਆਰਾ ਪ੍ਰੇਰਿਤ ਸੀ। ਅਸੀਂ ਆਪਣੇ ਵਿਰੁੱਧ ਇੱਕ ਸਾਜ਼ਿਸ਼ ਦੇ ਹਿੱਸੇ ਵਜੋਂ ਬਣਾਈਆਂ ਗਈਆਂ ਇਨ੍ਹਾਂ ਧਾਰਨਾਵਾਂ ਨੂੰ ਤੋੜਨ ਵਿੱਚ ਸਫਲ ਹੋ ਰਹੇ ਹਾਂ।

**4 ਮਈ ਤੋਂ ਬਾਅਦ ਪੰਜਾਬ ਸਵਾਲਾਂ ਦੇ ਘੇਰੇ ਵਿੱਚ ਆ ਜਾਵੇਗਾ। ਕੀ ਭਾਜਪਾ ਨੇ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਹਨ? ਸਾਰੀਆਂ ਵਿਰੋਧੀ ਪਾਰਟੀਆਂ ਕਿਸਾਨ ਅੰਦੋਲਨ ਦਾ ਫਾਇਦਾ ਉਠਾਉਣਾ ਚਾਹੁੰਦੀਆਂ ਸਨ। ਭਾਜਪਾ ਵੱਲੋਂ ਵੀ ਗਲਤੀਆਂ ਕੀਤੀਆਂ ਗਈਆਂ। ਕੀ ਤੁਹਾਨੂੰ ਲੱਗਦਾ ਹੈ ਕਿ ਅੱਜ ਭਾਜਪਾ ਕਿਸਾਨ ਭਾਈਚਾਰੇ ਦੀਆਂ ਭਾਵਨਾਵਾਂ ਅਤੇ ਧਾਰਨਾਵਾਂ ਨੂੰ ਆਪਣੇ ਹੱਕ ਵਿੱਚ ਕਰਨ ਦੇ ਯੋਗ ਹੋ ਗਈ ਹੈ?**

ਸੁਨੀਲ ਜਾਖੜ: ਮੈਂ ਪਹਿਲਾਂ ਕਿਹਾ ਹੈ ਕਿ ਧਾਰਨਾਵਾਂ ਬਣਾਉਣਾ ਜਾਂ ਤੋੜਨਾ ਆਸਾਨ ਨਹੀਂ ਹੈ। ਪਰ ਅਸੀਂ ਕਿਸਾਨਾਂ ਵਿੱਚੋਂ ਹਾਂ, ਉਨ੍ਹਾਂ ਲਈ ਕੰਮ ਕਰ ਰਹੇ ਹਾਂ, ਉਨ੍ਹਾਂ ਨਾਲ। ਲੋਕਾਂ ਤੱਕ ਪਹੁੰਚ ਕਰਕੇ ਹੀ ਉਨ੍ਹਾਂ ਦਾ ਵਿਸ਼ਵਾਸ ਜਿੱਤਿਆ ਜਾ ਸਕਦਾ ਹੈ। ਅਸੀਂ ਵਿਸ਼ਵਾਸ ਹਾਸਲ ਕਰ ਰਹੇ ਹਾਂ। ਅੱਜ, ਅਸੀਂ ਪਿੰਡਾਂ ਵਿੱਚ ਜਾ ਰਹੇ ਹਾਂ, ਅਤੇ ਲੋਕ ਕਹਿੰਦੇ ਹਨ, "ਸਾਨੂੰ ਇਹ ਸੱਚਾਈ ਨਹੀਂ ਪਤਾ ਸੀ।"

**ਆਮ ਆਦਮੀ ਪਾਰਟੀ ਭਾਰੀ ਜਿੱਤ ਨਾਲ ਸੱਤਾ ਵਿੱਚ ਆਈ। ਕੀ ਤੁਹਾਨੂੰ ਉਨ੍ਹਾਂ ਦੇ ਵਿਰੁੱਧ ਮਾਹੌਲ ਦਿਖਾਈ ਦਿੰਦਾ ਹੈ? ਜੇਕਰ ਉਨ੍ਹਾਂ ਦੇ ਸਿਸਟਮ ਦੇ ਵਿਰੁੱਧ ਮਾਹੌਲ ਹੈ, ਤਾਂ ਇਸਦਾ ਕੀ ਕਾਰਨ ਹੈ? ਤੁਸੀਂ ਉਨ੍ਹਾਂ ਨੂੰ 92 ਤੋਂ ਹੇਠਾਂ ਕਿਵੇਂ ਲਿਆਓਗੇ?**

ਸੁਨੀਲ ਜਾਖੜ: ਇਹ ਰਾਜਨੀਤਿਕ ਖੋਜ ਦਾ ਵਿਸ਼ਾ ਹੈ ਕਿ ਕੋਈ ਪਾਰਟੀ ਅਚਾਨਕ ਪ੍ਰਸਿੱਧੀ ਦੇ ਸਿਖਰ 'ਤੇ ਕਿਉਂ ਪਹੁੰਚ ਜਾਂਦੀ ਹੈ ਅਤੇ ਫਿਰ ਢਹਿ ਜਾਂਦੀ ਹੈ।

**ਕੀ ਤੁਹਾਨੂੰ ਸੱਚਮੁੱਚ ਲੱਗਦਾ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਫਾਇਆ ਹੋ ਜਾਵੇਗਾ?**

ਸੁਨੀਲ ਜਾਖੜ: ਇੰਨਾ ਸਹੀ ਮੁਲਾਂਕਣ ਨਹੀਂ ਕੀਤਾ ਜਾ ਸਕਦਾ। ਪਰ 'ਆਪ' ਸੱਤਾ ਵਿੱਚ ਇਸ ਲਈ ਆਈ ਕਿਉਂਕਿ ਵਿਰੋਧੀ ਧਿਰ ਨੇ ਆਤਮ ਸਮਰਪਣ ਕਰ ਦਿੱਤਾ। ਸਦਨ ਵਿੱਚ ਕੀ ਹੋ ਰਿਹਾ ਹੈ? ਉਹ ਕਹਿੰਦੇ ਹਨ, "ਮੇਰੇ ਨਾਲ ਆਹਮੋ-ਸਾਹਮਣੇ ਗੱਲ ਕਰੋ।" ਆਪਣੇ ਪੂਰੇ ਰਾਜਨੀਤਿਕ ਕਰੀਅਰ ਵਿੱਚ, ਮੈਂ ਕਦੇ ਕਿਸੇ ਮੁੱਖ ਮੰਤਰੀ ਜਾਂ ਸਿਆਸਤਦਾਨ ਨੂੰ ਅਜਿਹੀ ਭਾਸ਼ਾ ਵਿੱਚ ਗੱਲ ਕਰਦੇ ਨਹੀਂ ਦੇਖਿਆ। ਅਤੇ ਕਾਂਗਰਸ ਦੇ ਆਗੂ ਜੋ ਅਜਿਹੀ ਭਾਸ਼ਾ ਸੁਣਦੇ ਹਨ, ਉਹ ਮੇਰੇ ਸਾਹਮਣੇ ਬੈਠੇ ਹਨ। ਆਮ ਆਦਮੀ ਪਾਰਟੀ ਸਿਰਫ਼ ਕਾਂਗਰਸ ਦੇ ਮਾੜੇ ਕੰਮਾਂ ਕਰਕੇ ਹੀ ਬਚੀ ਹੈ। ਇੱਥੇ ਵੀ, ਸਿਰਫ਼ ਪਾਰਟੀ ਹੀ ਬਚੀ ਹੈ ਕਿਉਂਕਿ ਇੱਥੇ ਕੋਈ ਸਰਕਾਰ ਨਹੀਂ ਹੈ। ਕੋਈ ਸਰਕਾਰ ਨਹੀਂ ਹੈ, ਕੋਈ ਪ੍ਰਸ਼ਾਸਨ ਨਹੀਂ ਹੈ, ਕੋਈ ਕਾਨੂੰਨ ਵਿਵਸਥਾ ਨਹੀਂ ਹੈ। ਮਾਨ ਸਾਹਿਬ ਇੱਕ ਵਰਚੁਅਲ ਮੁੱਖ ਮੰਤਰੀ ਹਨ। ਪੰਜਾਬ ਦੇ ਅਸਲ ਮੁੱਖ ਮੰਤਰੀ ਕੇਜਰੀਵਾਲ ਸਾਹਿਬ ਹਨ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਨੂੰ ਦਿੱਲੀ ਤੋਂ ਚੰਡੀਗੜ੍ਹ ਭੇਜਿਆ ਗਿਆ ਸੀ। ਦਿੱਲੀ ਦੇ ਲੋਕਾਂ ਨੇ ਜੋ ਕੂੜਾ-ਕਰਕਟ ਕੱਢਿਆ ਸੀ, ਉਹ ਇਕੱਠਾ ਕਰਕੇ ਦਿੱਲੀ ਤੋਂ ਚੰਡੀਗੜ੍ਹ ਸੁੱਟ ਦਿੱਤਾ ਗਿਆ ਹੈ। ਇਨ੍ਹੀਂ ਦਿਨੀਂ ਲੋਕ ਕੂੜਾ ਸੁੱਟਣ ਦੇ ਬਹੁਤ ਵਿਰੁੱਧ ਹਨ। ਉਹ ਆਪਣੇ ਖੇਤਰ ਵਿੱਚ ਕੂੜੇ ਦੇ ਡੰਪ ਨਹੀਂ ਬਣਨ ਦਿੰਦੇ। ਪਰ ਪੰਜਾਬ ਦੀ ਬਦਕਿਸਮਤੀ ਹੈ ਕਿ ਪੰਜਾਬ ਵਿੱਚ ਰਾਜਨੀਤਿਕ ਤੌਰ 'ਤੇ ਰੱਦ ਕੀਤੀ ਗਈ ਸਾਰੀ ਸਮੱਗਰੀ ਸੁੱਟ ਦਿੱਤੀ ਗਈ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ, ਉਨ੍ਹਾਂ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਜਨਤਾ ਕਹਿ ਰਹੀ ਹੈ ਕਿ ਪਹਿਲਾਂ ਵਾਲੇ ਸਹੀ ਸਨ। ਜਿਸ ਤਰੀਕੇ ਨਾਲ ਉਹ ਕੰਮ ਕਰ ਰਹੇ ਹਨ, ਇੱਥੇ ਕੋਈ ਕੈਬਨਿਟ ਨਹੀਂ ਹੈ। ਸਾਡੇ ਇੱਥੇ ਜੋ ਹੈ ਉਸਨੂੰ ਸਿਰਫ਼ 'ਮੰਤਰੀਆਂ ਦਾ ਗਿਰੋਹ' ਕਿਹਾ ਜਾ ਸਕਦਾ ਹੈ। ਉਹ ਲੋਕਾਂ ਨੂੰ ਆਪਣੇ ਘਰਾਂ ਵਿੱਚ ਬੁਲਾ ਰਹੇ ਹਨ ਅਤੇ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੇ ਹਨ। ਉਹ ਲੋਕਾਂ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਰਹੇ ਹਨ। ਮੈਂ ਉਨ੍ਹਾਂ ਦੇ ਆਪਣੇ ਸ਼ਬਦਾਂ ਤੋਂ ਹਵਾਲਾ ਦੇ ਰਿਹਾ ਹਾਂ ਕਿ ਭ੍ਰਿਸ਼ਟਾਚਾਰ ਇੱਕ ਕੈਂਸਰ ਵਾਂਗ ਹੈ। ਇਸ ਕੈਂਸਰ ਨੂੰ ਸਰਜਰੀ ਦੀ ਲੋੜ ਹੈ। ਜਦੋਂ ਵੀ ਭ੍ਰਿਸ਼ਟਾਚਾਰ ਸਰਜਰੀ ਸ਼ਬਦ ਦਾ ਜ਼ਿਕਰ ਕੀਤਾ ਜਾਂਦਾ ਹੈ, ਤਾਂ ਸਭ ਤੋਂ ਪਹਿਲਾਂ ਜੋ ਸਾਨੂੰ ਪ੍ਰਭਾਵਿਤ ਕਰਦਾ ਹੈ ਉਹ ਉੱਤਰ ਪ੍ਰਦੇਸ਼ ਹੈ। ਅੱਜ, ਪੰਜਾਬ ਵਿੱਚ ਕੋਈ ਵੀ ਸੁਰੱਖਿਅਤ ਮਹਿਸੂਸ ਨਹੀਂ ਕਰਦਾ। ਪਿੰਡਾਂ ਵਿੱਚ ਛੋਟੇ ਭਾਈਚਾਰਿਆਂ ਨੂੰ ਵੀ ਫਿਰੌਤੀ ਦੇ ਪੈਸੇ ਮਿਲ ਰਹੇ ਹਨ। ਹੁਣ, ਪ੍ਰਵਾਸੀ ਭਾਰਤੀ ਫਿਰੌਤੀ ਦੀ ਮੰਗ ਤੋਂ ਡਰਦੇ ਹੋਏ ਵਾਪਸ ਜਾਣ ਤੋਂ ਡਰਦੇ ਹਨ। ਪੁਲਿਸ ਸਟੇਸ਼ਨ ਦੀਆਂ ਕੰਧਾਂ ਉੱਚੀਆਂ ਕਰ ਦਿੱਤੀਆਂ ਗਈਆਂ ਹਨ। ਪੁਲਿਸ ਸਟੇਸ਼ਨ ਦੇ ਦਰਵਾਜ਼ੇ ਰਾਤ 9 ਵਜੇ ਬੰਦ ਹੋ ਜਾਂਦੇ ਹਨ। ਅੱਤਵਾਦੀਆਂ ਨੇ ਕਦੇ ਅਜਨਾਲਾ ਸਰਹੱਦ 'ਤੇ ਪੁਲਿਸ ਸਟੇਸ਼ਨ 'ਤੇ ਕਬਜ਼ਾ ਕਰ ਲਿਆ ਸੀ। ਭਾਰਤੀ ਪਾਸਪੋਰਟਾਂ ਨੂੰ ਸਿਰਫ਼ ਯਾਤਰਾ ਦਸਤਾਵੇਜ਼ ਮੰਨੇ ਜਾਣ ਦੀਆਂ ਗੱਲਾਂ ਸੁਣੀਆਂ ਜਾ ਰਹੀਆਂ ਹਨ। ਪੰਜਾਬ ਦੇ ਲੋਕ ਹੁਣ ਅਮਿਤ ਸ਼ਾਹ ਨੂੰ ਚਿੱਠੀਆਂ ਲਿਖ ਰਹੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਅਮਿਤ ਸ਼ਾਹ ਨੂੰ ਸੁਧਾਰਨ ਦੀ ਲੋੜ ਹੈ, ਤਾਂ ਭਾਜਪਾ ਨੂੰ ਕਿਉਂ ਨਹੀਂ? ਲੋਕ ਮੰਨਦੇ ਹਨ ਕਿ ਸਿਰਫ਼ ਭਾਜਪਾ ਹੀ ਪੰਜਾਬ ਨੂੰ ਬਚਾ ਸਕਦੀ ਹੈ।

**ਪੰਜਾਬ ਵਿੱਚ ਕਾਂਗਰਸ ਦੇ ਟੁੱਟਣ ਦਾ ਕਾਰਨ ਕੀ ਹੈ? ਕਾਂਗਰਸ ਦੀ ਮੌਜੂਦਾ ਹਾਲਤ ਕੀ ਹੈ? ਕੀ ਤੁਹਾਨੂੰ ਕਦੇ ਕਾਂਗਰਸ ਛੱਡਣ ਦਾ ਪਛਤਾਵਾ ਹੈ?**

ਸੁਨੀਲ ਜਾਖੜ: ਮੈਂ ਕਾਂਗਰਸ ਵਿੱਚ ਪੰਜਾਹ ਸਾਲ ਬਿਤਾਏ ਅਤੇ ਇਸਦੀ ਕਾਰਜਸ਼ੈਲੀ ਤੋਂ ਜਾਣੂ ਹਾਂ। ਮੈਨੂੰ ਅਫ਼ਸੋਸ ਹੈ ਕਿ ਜਿਸ ਪਾਰਟੀ ਨੂੰ ਮੈਂ ਪੰਜਾਹ ਸਾਲ ਦਿੱਤੇ ਸਨ, ਉਸ ਵਿੱਚ ਮੇਰੇ ਨਾਲ ਕਿਵੇਂ ਵਿਵਹਾਰ ਕੀਤਾ ਗਿਆ। ਅੱਜ, ਜਦੋਂ ਮੈਂ ਕਾਂਗਰਸ ਦੀ ਹਾਲਤ ਅਤੇ ਇੱਕ ਖਾਸ ਪਾਤਰ ਦੀ ਕਾਰਜਸ਼ੈਲੀ ਨੂੰ ਵੇਖਦਾ ਹਾਂ, ਤਾਂ ਮੈਨੂੰ ਛੱਡਣ ਵਿੱਚ ਰਾਹਤ ਮਹਿਸੂਸ ਹੁੰਦੀ ਹੈ। ਮੈਂ ਸਦਨ ਵਿੱਚ ਵਿਰੋਧੀ ਧਿਰ ਦਾ ਨੇਤਾ ਸੀ। ਮੈਨੂੰ ਯਾਦ ਹੈ ਜਦੋਂ ਮੈਂ ਬੋਲਣ ਲਈ ਖੜ੍ਹਾ ਹੁੰਦਾ ਸੀ ਅਤੇ ਵਿਰੋਧੀ ਧਿਰ ਚੀਕਦੀ ਸੀ, ਤਾਂ ਬਾਦਲ ਸਾਹਿਬ ਕਹਿੰਦੇ ਸਨ, "ਜਾਖੜ ਸਾਹਿਬ ਅਰਥਪੂਰਨ ਸ਼ਬਦ ਬੋਲਦੇ ਹਨ। ਸੁਣੋ ਅਤੇ ਉਨ੍ਹਾਂ ਤੋਂ ਕੁਝ ਸਿੱਖੋ।" ਉਹ ਲੋਕ ਵੱਖਰੇ ਸਨ। ਅੱਜ, ਦੋਵਾਂ ਪਾਸਿਆਂ ਨੂੰ ਵੇਖਦਿਆਂ, ਮੈਂ ਕਹਿੰਦਾ ਹਾਂ... ਇੱਕ ਮੂਰਖ ਕਾਫ਼ੀ ਹੈ... ਪੰਜਾਬ ਕਾਂਗਰਸ ਦੀ ਲੀਡਰਸ਼ਿਪ ਤੰਗ ਸੋਚ ਵਾਲੀ ਹੋ ਗਈ ਹੈ। ਉਹ ਆਮ ਆਦਮੀ ਪਾਰਟੀ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹਨ। ਜੇਕਰ ਉਨ੍ਹਾਂ ਨੂੰ ਮੌਕਾ ਮਿਲਿਆ, ਤਾਂ ਉਹ ਸਮਾਜ ਵਿੱਚ ਇੱਕ ਅਜਿਹੀ ਵੰਡ ਪੈਦਾ ਕਰ ਦੇਣਗੇ ਜੋ ਅੱਤਵਾਦ ਵੀ ਨਹੀਂ ਕਰ ਸਕਦਾ। ਇੱਕ ਸੀਨੀਅਰ ਕਾਂਗਰਸੀ ਆਗੂ ਨੇ ਕਿਹਾ ਸੀ ਕਿ ਜੇਕਰ ਕੋਈ ਹਿੰਦੂ ਮੁੱਖ ਮੰਤਰੀ ਬਣ ਜਾਂਦਾ ਹੈ, ਤਾਂ ਪੰਜਾਬ ਅੱਗ ਦੀ ਲਪੇਟ ਵਿੱਚ ਆ ਜਾਂਦਾ। ਇਹ ਕਿਹੋ ਜਿਹੀ ਸੋਚ ਸੀ? ਮੈਂ ਪੰਜਾਬੀਆਂ ਦੀ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ AK-47 ਜਾਂ ਆਗੂ ਦੇ ਭਾਸ਼ਣਾਂ ਨਾਲ ਆਪਣੀ ਸਦਭਾਵਨਾ ਨਹੀਂ ਤੋੜੀ। ਮੇਰੇ ਅਕਾਲੀਆਂ ਨਾਲ ਸੌ ਅਸਹਿਮਤੀ ਹੋ ਸਕਦੀ ਹੈ, ਪਰ ਉਸ ਸਮੇਂ ਦੇ SGPC ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਪੰਜਾਬ ਵਿੱਚ ਹਿੰਦੂ ਜਾਂ ਸਿੱਖ ਹੋਣਾ ਮਾਇਨੇ ਨਹੀਂ ਰੱਖਦਾ। ਇੱਕ ਚੰਗਾ ਵਿਅਕਤੀ ਮੁੱਖ ਮੰਤਰੀ ਹੋਣਾ ਚਾਹੀਦਾ ਹੈ। ਇਹ ਸਿਰਫ਼ ਇੱਕ ਬਿਆਨ ਨਹੀਂ ਹੈ, ਇਹ ਪੰਜਾਬੀ-ਨੈਤਿਕਤਾ ਦੀ ਪਰਿਭਾਸ਼ਾ ਹੈ। ਮੈਂ ਇਨ੍ਹਾਂ ਮੌਜੂਦਾ ਲੋਕਾਂ ਨੂੰ "ਕਾਲੇ ਅੰਗਰੇਜ਼" ਕਹਿੰਦਾ ਹਾਂ। ਇਹ ਸਮਾਜ ਨੂੰ ਵੰਡ ਰਹੇ ਹਨ। ਸਿੱਖ ਧਰਮ ਮਨੁੱਖਤਾ ਸਿਖਾਉਂਦਾ ਹੈ। ਬੇਅਦਬੀ ਸੰਬੰਧੀ ਉਨ੍ਹਾਂ ਨੇ ਜੋ ਬਿੱਲ ਪੇਸ਼ ਕੀਤਾ ਹੈ ਉਹ ਕਾਂਗਰਸੀ ਆਗੂ ਤੋਂ ਪ੍ਰਭਾਵਿਤ ਜਾਪਦਾ ਹੈ। ਬੇਅਦਬੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਭਾਵੇਂ ਉਹ ਗੁਰੂ ਸਾਹਿਬ ਹੋਵੇ ਜਾਂ ਕੋਈ ਧਾਰਮਿਕ ਗ੍ਰੰਥ। ਪਰ ਇਸ ਬਿੱਲ ਦੇ ਪਿੱਛੇ ਸਮਾਜ ਨੂੰ ਵੰਡਣ ਦੀ ਸਾਜ਼ਿਸ਼ ਹੈ। ਇਹ ਬਿੱਲ ਭਗਵੰਤ ਮਾਨ ਦਾ ਕੰਮ ਨਹੀਂ ਹੈ। ਇਹ ਕੇਜਰੀਵਾਲ ਦੇ ਗਿਰੋਹ ਦੀ ਸੋਚ ਹੈ।

**ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਸੱਤਾ ਗੁਆ ਦਿੱਤੀ ਹੈ। ਇਹ ਕਿਸੇ ਵੀ ਹਾਲਤ ਵਿੱਚ ਪੰਜਾਬ ਨੂੰ ਗੁਆਉਣਾ ਨਹੀਂ ਚਾਹੇਗੀ। ਕੀ ਅਰਵਿੰਦ ਕੇਜਰੀਵਾਲ ਪੰਜਾਬ ਲਈ ਵਰਦਾਨ ਸਾਬਤ ਹੋਣਗੇ ਜਾਂ ਉਹ ਇੱਕ ਰਾਜਨੀਤਿਕ ਜ਼ਿੰਮੇਵਾਰੀ ਬਣ ਜਾਣਗੇ? ਤੁਹਾਡਾ ਕੀ ਖਿਆਲ ਹੈ?**

ਸੁਨੀਲ ਜਾਖੜ: ਸਿਸੋਦੀਆ ਨੇ ਕਿਹਾ ਕਿ ਉਹ ਪੰਜਾਬ ਲਈ ਹਰ ਤਰ੍ਹਾਂ ਦੇ ਸਾਧਨ ਵਰਤਣਗੇ। ਉਸ ਤੋਂ ਬਾਅਦ, ਕੁਝ ਨਹੀਂ ਬਚਿਆ। ਉਨ੍ਹਾਂ ਦੀਆਂ ਕਾਰਵਾਈਆਂ ਤੋਂ ਪਤਾ ਲੱਗਦਾ ਹੈ ਕਿ ਉਹ ਲੁੱਟਣ ਆਏ ਹਨ ਅਤੇ ਲੁੱਟਣ ਤੋਂ ਬਾਅਦ ਚਲੇ ਜਾਣਗੇ। ਇਹ ਤਮਾਸ਼ਾ ਲੋਕਤੰਤਰ ਵਿੱਚ ਜਨਤਾ ਦੇ ਵਿਸ਼ਵਾਸ ਦੀ ਕੀਮਤ 'ਤੇ ਖੇਡਿਆ ਜਾ ਰਿਹਾ ਹੈ। ਇਹ ਸਿਰਫ਼ ਪੰਜਾਬ ਦਾ ਮੁੱਦਾ ਨਹੀਂ ਹੈ। ਇਹ ਇੱਕ ਰਾਸ਼ਟਰੀ ਮੁੱਦਾ ਹੈ। ਕਸ਼ਮੀਰ ਵਿੱਚ ਲੱਗੀ ਅੱਗ ਨੂੰ ਕਾਬੂ ਕਰਨ ਵਿੱਚ ਕਈ ਸਾਲ ਲੱਗ ਗਏ। ਸਾਨੂੰ ਇਸ ਅੱਗ ਨੂੰ ਪੰਜਾਬ ਵਿੱਚ ਫੈਲਣ ਨਹੀਂ ਦੇਣਾ ਚਾਹੀਦਾ। ਇੱਕ ਅਧਿਕਾਰੀ ਦਾ ਜਨਤਕ ਤੌਰ 'ਤੇ ਕਤਲ ਕਰ ਦਿੱਤਾ ਗਿਆ ਸੀ, ਅਤੇ ਉਹ ਇਸ ਗੱਲ 'ਤੇ ਅੜੇ ਹਨ ਕਿ ਉਹ ਸੀਬੀਆਈ ਨੂੰ ਇਜਾਜ਼ਤ ਨਹੀਂ ਦੇਣਗੇ। ਜੇਕਰ ਇੱਕ ਡੀਆਈਜੀ ਦੇ ਘਰੋਂ ਕਰੋੜਾਂ ਰੁਪਏ ਮਿਲ ਰਹੇ ਹਨ, ਤਾਂ ਕੌਣ ਜਾਣਦਾ ਹੈ ਕਿ ਉਨ੍ਹਾਂ ਦੇ ਮੰਤਰੀਆਂ ਦੇ ਘਰੋਂ ਹੋਰ ਕੀ ਮਿਲੇਗਾ। ਉਨ੍ਹਾਂ ਦੇ ਸੰਸਦ ਮੈਂਬਰ 'ਤੇ ਛਾਪੇਮਾਰੀ ਬਾਰੇ, ਮੈਂ ਕਹਿੰਦਾ ਹਾਂ ਕਿ ਇਹ ਬਹੁਤ ਦੇਰ ਨਾਲ ਚੁੱਕਿਆ ਗਿਆ ਇੱਕ ਛੋਟਾ ਜਿਹਾ ਕਦਮ ਹੈ।

**ਪਰ ਆਮ ਆਦਮੀ ਪਾਰਟੀ ਕਹਿੰਦੀ ਹੈ ਕਿ ਇਹ ਛਾਪਾ ਕੇਂਦਰ ਸਰਕਾਰ ਦੁਆਰਾ ਬਦਲੇ ਦੀ ਕਾਰਵਾਈ ਹੈ। ਇਹ ਰਾਜ ਸਭਾ ਵਿੱਚ ਰਾਘਵ ਚੱਢਾ ਵਿਰੁੱਧ ਕਾਰਵਾਈ ਕਰਨ ਦਾ ਬਦਲਾ ਹੈ। ਦੋਸ਼ ਹੈ ਕਿ ਚੱਢਾ ਭਾਜਪਾ ਕੈਂਪ ਵਿੱਚ ਚਲਾ ਗਿਆ ਹੈ।**

ਸੁਨੀਲ ਜਾਖੜ: ਸ੍ਰੀ ਕੇਜਰੀਵਾਲ, ਕਿਰਪਾ ਕਰਕੇ ਦੱਸੋ ਕਿ ਰਾਘਵ ਚੱਢਾ ਇਨ੍ਹਾਂ ਦਿਨਾਂ ਵਿੱਚ ਉਨ੍ਹਾਂ ਦੇ ਨਾਲ ਕਿਉਂ ਨਹੀਂ ਹੈ? ਜੋ ਵਿਅਕਤੀ ਤੁਹਾਡੇ ਪ੍ਰਤੀ ਵਫ਼ਾਦਾਰ ਸੀ, ਤੁਹਾਡਾ ਖਜ਼ਾਨਚੀ, ਤੁਹਾਨੂੰ ਕਿਉਂ ਛੱਡ ਗਿਆ? ਛਾਪਾ ਹਾਲ ਹੀ ਵਿੱਚ ਹੋਇਆ ਹੈ। ਮੈਂ ਬਹੁਤ ਸਮਾਂ ਪਹਿਲਾਂ ਭਗਵੰਤ ਮਾਨ ਨੂੰ ਸਾਰੇ ਅਧਿਕਾਰੀਆਂ ਅਤੇ ਨੇਤਾਵਾਂ ਦੀ ਜਾਂਚ ਕਰਨ ਲਈ ਲਿਖਿਆ ਸੀ। ਇਹ ਦੌਲਤ ਕਿੱਥੋਂ ਆਈ? ਜਿਨ੍ਹਾਂ ਕੋਲ ਸਵਾਰੀ ਲਈ ਸਾਈਕਲ ਵੀ ਨਹੀਂ ਸੀ, ਉਹ ਦੋ ਕਰੋੜ ਰੁਪਏ ਦੀਆਂ ਕਾਰਾਂ ਵਿੱਚ ਘੁੰਮ ਰਹੇ ਹਨ।
ਦੋਸ਼ ਹੈ ਕਿ ਆਮ ਆਦਮੀ ਪਾਰਟੀ ਦੀਆਂ ਰਾਜ ਸਭਾ ਸੀਟਾਂ ਅਮੀਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਤੁਸੀਂ ਇਸਦਾ ਕਾਰਨ ਕੀ ਦੇਖਦੇ ਹੋ?
ਸੁਨੀਲ ਜਾਖੜ: ਇਸੇ ਲਈ ਮੈਂ ਕਹਿ ਰਿਹਾ ਹਾਂ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ 'ਤੇ ਛਾਪਾ ਬਹੁਤ ਦੇਰ ਨਾਲ ਅਤੇ ਬਹੁਤ ਛੋਟਾ ਕਦਮ ਹੈ।

**ਆਮ ਆਦਮੀ ਪਾਰਟੀ ਦੀ ਸਥਾਪਨਾ ਨਾਲ ਜੁੜੇ ਬਹੁਤ ਸਾਰੇ ਨੇਤਾ ਨਾ ਸਿਰਫ਼ ਪਾਰਟੀ ਛੱਡ ਗਏ ਹਨ ਬਲਕਿ ਇਸਦੇ ਕੱਟੜ ਆਲੋਚਕ ਵੀ ਹਨ। ਪ੍ਰਸ਼ਾਂਤ ਭੂਸ਼ਣ ਤੋਂ ਲੈ ਕੇ ਕੁਮਾਰ ਵਿਸ਼ਵਾਸ ਤੱਕ। ਇਸਦਾ ਕਾਰਨ ਕੀ ਸੀ?**

ਸੁਨੀਲ ਜਾਖੜ: ਉਹ ਸਾਰੇ ਅਰਵਿੰਦ ਕੇਜਰੀਵਾਲ ਨਾਲ ਜੁੜ ਗਏ, ਉਸਦੀ ਸਤਹੀ ਵਿਚਾਰਧਾਰਾ ਤੋਂ ਆਕਰਸ਼ਿਤ ਹੋ ਕੇ। ਬਾਅਦ ਵਿੱਚ, ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਸਦੀ ਵਿਚਾਰਧਾਰਾ ਸਿਰਫ ਇਸ ਬਾਰੇ ਸੀ ਕਿ ਉਸ ਕੋਲ ਕਿੰਨੀ ਦੌਲਤ ਹੈ।

**ਕੀ ਭਾਜਪਾ ਪੰਜਾਬ ਵਿੱਚ ਇੱਕ ਚੋਣ ਗੱਠਜੋੜ ਕਰੇਗੀ? ਜੇ ਅਜਿਹਾ ਹੈ, ਤਾਂ ਇਹ ਗੱਠਜੋੜ ਕਿਹੋ ਜਿਹਾ ਦਿਖਾਈ ਦੇ ਸਕਦਾ ਹੈ?**

ਸੁਨੀਲ ਜਾਖੜ: ਸਹੀ ਫੈਸਲਾ ਸਹੀ ਸਮੇਂ 'ਤੇ ਲਿਆ ਜਾਵੇਗਾ। ਮੇਰਾ ਮੰਨਣਾ ਹੈ ਕਿ ਅੱਜ ਵੀ ਸਥਿਤੀ ਉਹੀ ਹੈ ਜੋ ਵਾਜਪਾਈ ਜੀ ਨੇ ਭਾਈਚਾਰਾ ਬਣਾਉਣ ਲਈ ਕੀਤੇ ਸਮਝੌਤੇ ਵਾਂਗ ਹੈ। ਮੇਰੀ ਸਲਾਹ ਇਹ ਹੋਵੇਗੀ ਕਿ ਇੱਥੇ ਪੰਥ ਨਾਲ ਸਬੰਧਤ ਲੋਕਾਂ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਨੂੰ ਸਹੀ ਢੰਗ ਨਾਲ ਦਰਸਾਇਆ ਜਾਵੇ। ਉਨ੍ਹਾਂ ਦੇ ਹਿੱਤਾਂ ਦੀ ਪੂਰੀ ਤਰ੍ਹਾਂ ਰੱਖਿਆ ਜਾਵੇ। ਸਿੱਖਾਂ ਨੇ ਕਾਂਗਰਸ ਨੂੰ ਮਾਫ਼ ਕਰ ਦਿੱਤਾ ਅਤੇ ਕੈਪਟਨ ਸਾਹਿਬ ਨੇ ਸਰਕਾਰ ਬਣਾਈ। ਅਮਰਿੰਦਰ ਸਿੰਘ ਜੀ ਨਾਲ ਮੇਰੇ ਭਾਵੇਂ ਜੋ ਵੀ ਮਤਭੇਦ ਸਨ, ਹਰ ਭਾਈਚਾਰਾ ਉਨ੍ਹਾਂ ਦੇ ਸ਼ਾਸਨ ਹੇਠ ਸੁਰੱਖਿਅਤ ਮਹਿਸੂਸ ਕਰਦਾ ਸੀ। ਭਾਜਪਾ ਅੱਜ ਆਪਣੇ ਆਪ ਨੂੰ ਸਮਰੱਥ ਸਮਝਦੀ ਹੈ, ਇਸ ਲਈ ਇਸਨੂੰ ਕਿਸੇ ਦੀ ਲੋੜ ਨਹੀਂ ਹੈ। ਭਾਜਪਾ ਕੋਈ ਵੀ ਸਮਝੌਤਾ ਸਿਰਫ਼ ਪੰਜਾਬ ਦੇ ਭਵਿੱਖ ਅਤੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕਰੇਗੀ। ਇਹ ਸਿਰਫ਼ ਚੋਣ ਲਾਭਾਂ 'ਤੇ ਹੀ ਨਹੀਂ, ਸਗੋਂ ਪੰਜਾਬ ਦੇ ਭਵਿੱਖ 'ਤੇ ਵੀ ਵਿਚਾਰ ਕਰੇਗੀ।

**ਪੰਜਾਬ ਨਸ਼ਿਆਂ ਦੀ ਸਮੱਸਿਆ ਨਾਲ ਦਾਗੀ ਹੈ। ਆਮ ਆਦਮੀ ਪਾਰਟੀ ਅਪਰਾਧਿਕ ਨਸ਼ਿਆਂ ਦੇ ਵਪਾਰ ਨੂੰ ਰੋਕਣ ਦਾ ਦਾਅਵਾ ਕਰਦੀ ਹੈ। ਤੁਹਾਨੂੰ ਕੀ ਲੱਗਦਾ ਹੈ ਕਿ ਜ਼ਮੀਨੀ ਹਕੀਕਤ ਕੀ ਹੈ?**

ਸੁਨੀਲ ਜਾਖੜ: ਉਨ੍ਹਾਂ ਦੇ ਆਪਣੇ ਨੇਤਾ ਸੰਸਦ ਵਿੱਚ ਕਹਿ ਰਹੇ ਹਨ ਕਿ ਵਿਆਹ ਤੋਂ ਪਹਿਲਾਂ ਕਿਸੇ ਵੀ ਨੌਜਵਾਨ ਦਾ ਡੋਪ ਟੈਸਟ ਕਰਵਾਉਣਾ ਚਾਹੀਦਾ ਹੈ। ਹੁਣ, ਕਹਿਣ ਲਈ ਕੀ ਬਚਿਆ ਹੈ? ਹਾਲ ਹੀ ਵਿੱਚ, ਇੱਕ ਪਰਿਵਾਰ ਦੇ ਚਾਰ ਬੱਚਿਆਂ ਦੀ ਨਸ਼ੇ ਕਾਰਨ ਮੌਤ ਹੋ ਗਈ। ਇਹ ਕਹਾਣੀ ਹਰ ਘਰ ਵਿੱਚ ਜ਼ਮੀਨੀ ਹਕੀਕਤ ਹੈ। ਆਮ ਆਦਮੀ ਪਾਰਟੀ ਦਾ ਆਉਣਾ ਪੰਜਾਬ ਲਈ ਇੱਕ ਰਾਜਨੀਤਿਕ ਆਫ਼ਤ ਸੀ। ਪੰਜਾਬ ਹੋਰ ਰਾਜਨੀਤਿਕ ਆਫ਼ਤਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

**ਸਵਾਲ ਉਠਾਏ ਜਾ ਰਹੇ ਹਨ ਕਿ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਦੇ ਘਰ 'ਤੇ ਕੀਤੇ ਗਏ ਛਾਪੇ ਵਰਗੇ ਛਾਪੇ ਭਾਜਪਾ ਨੇਤਾਵਾਂ ਦੇ ਘਰਾਂ 'ਤੇ ਕਿਉਂ ਨਹੀਂ ਮਾਰੇ ਜਾਂਦੇ?**

ਸੁਨੀਲ ਜਾਖੜ: ਉਹ ਨਾ ਸਿਰਫ਼ ਆਮ ਆਦਮੀ ਪਾਰਟੀ ਦੇ ਨੇਤਾ ਹਨ, ਨਾ ਸਿਰਫ਼ ਇੱਕ ਸੰਸਦ ਮੈਂਬਰ ਹਨ, ਸਗੋਂ ਲਵਲੀ ਯੂਨੀਵਰਸਿਟੀ ਦੇ ਮਾਲਕ ਵੀ ਹਨ। ਇਸਨੂੰ ਉਨ੍ਹਾਂ ਦੀ ਬਦਕਿਸਮਤੀ ਕਹੋ ਕਿ ਜਿਵੇਂ ਹੀ ਉਨ੍ਹਾਂ ਨੇ ਸੰਸਦ ਵਿੱਚ ਅਹੁਦਾ ਸੰਭਾਲਿਆ, ਉਨ੍ਹਾਂ ਤੋਂ ਅਦਾਲਤ ਵਿੱਚ ਸਕਾਲਰਸ਼ਿਪ ਘੁਟਾਲੇ ਬਾਰੇ ਪੁੱਛਗਿੱਛ ਕੀਤੀ ਗਈ। ਉਹ ਇੱਕ ਅਜਿਹੀ ਯੂਨੀਵਰਸਿਟੀ ਦੇ ਮੁਖੀ ਹਨ ਜਿੱਥੇ ਵਿਦੇਸ਼ੀ ਵਿਦਿਆਰਥੀ ਵੀ ਪੜ੍ਹਦੇ ਹਨ। ਹਰ ਤਰ੍ਹਾਂ ਦੇ ਸਵਾਲ ਉਠਾਏ ਜਾ ਰਹੇ ਹਨ। ਇਸਦਾ ਰਾਜਨੀਤੀਕਰਨ ਕਰਨਾ ਸਹੀ ਨਹੀਂ ਹੈ। ਤੁਸੀਂ ਇਹ ਵੀ ਕਿਹਾ, ਅਤੇ ਇਹ ਸਿਰਫ਼ ਮੇਰਾ ਪ੍ਰਭਾਵ ਨਹੀਂ ਹੈ, ਕਿ ਉਹ ਸਿਰਫ਼ ਅਮੀਰ ਵਿਅਕਤੀਆਂ ਨੂੰ ਰਾਜ ਸਭਾ ਭੇਜ ਰਹੇ ਹਨ। ਉਹ ਸਾਈਕਲਾਂ ਤੋਂ "ਰੱਖਿਆਰਥੀਆਂ" ਤੱਕ ਵਧ ਗਏ ਹਨ। ਉਹ ਆਪਣੀ ਵਿਚਾਰਧਾਰਾ ਦੇ "ਰੱਖਿਅਕ" ਨਹੀਂ ਹਨ, ਸਗੋਂ ਆਪਣੀਆਂ ਜੇਬਾਂ ਦੇ "ਰੱਖਿਅਕ" ਹਨ। ਸੰਸਦ ਮੈਂਬਰ ਦੇ ਅਹੁਦੇ ਨਹੀਂ ਦਿੱਤੇ ਗਏ ਸਨ, ਸਗੋਂ ਵੰਡੇ ਗਏ ਸਨ। "ਬਰਫ਼ੀ" 'ਤੇ ਕਿਸ ਤਰ੍ਹਾਂ ਦਾ ਕੰਮ ਹੋ ਰਿਹਾ ਹੈ, ਦੇਖੋ।

**ਦੋਸ਼ ਇਹ ਹੈ ਕਿ ਸਰਕਾਰ ਚੱਲ ਰਹੀਆਂ ਚੋਣਾਂ ਦੌਰਾਨ ਮਹਿਲਾ ਰਾਖਵੇਂਕਰਨ ਦਾ ਮੁੱਦਾ ਉਠਾ ਕੇ ਰਾਜਨੀਤਿਕ ਲਾਭ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।**

ਸੁਨੀਲ ਜਾਖੜ: ਵਿਰੋਧੀ ਧਿਰ ਨੇ ਇਹ ਸਮਝੇ ਬਿਨਾਂ ਹਥਿਆਰ ਚੁੱਕੇ ਕਿ ਕੀ ਹੋ ਰਿਹਾ ਹੈ ਜਾਂ ਕਿੱਥੇ ਨਿਸ਼ਾਨਾ ਬਣਾਇਆ ਜਾਵੇ। ਸਰਕਾਰ ਇਹ ਸਮਝਾਉਂਦੇ-ਸਮਝਾਉਂਦੇ ਥੱਕ ਗਈ ਸੀ ਕਿ ਇਤਰਾਜ਼ ਕਰਨ ਵਾਲਿਆਂ ਦੀ ਪ੍ਰਤੀਨਿਧਤਾ ਪ੍ਰਭਾਵਿਤ ਨਹੀਂ ਹੋਵੇਗੀ।

## ਸੰਪਾਦਕੀ

# ਸਿਆਸਤ ਦੇ ਚੱਕਰ ਵਿੱਚ ਫਸਿਆ ਮਹਿਲਾ ਰਾਖਵਾਂਕਰਨ ਬਿੱਲ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਕਾਰ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਵਿਧਾਨ ਸਭਾ ਵਿੱਚ ਔਰਤਾਂ ਦੀ ਪ੍ਰਤੀਨਿੱਧਤਾ ਵਧਾਉਣ ਲਈ ਇਮਾਨਦਾਰ ਇੱਛਾ ਸ਼ਕਤੀ ਨਾਲ ਕੰਮ ਕਰਨਾ ਚਾਹੀਦਾ ਹੈ। ਹਾਲਾਂਕਿ, ਜਦੋਂ ਇਹ ਮੁੱਦਾ ਰਾਜਨੀਤਿਕ ਲਾਭ ਦਾ ਸਾਧਨ ਬਣ ਜਾਂਦਾ ਹੈ, ਤਾਂ ਸਵਾਲ ਉੱਠਦੇ ਹਨ। ਪਿਛਲੇ ਹਫ਼ਤੇ ਸਰਕਾਰ ਨੇ ਔਰਤਾਂ ਦੇ ਰਾਖਵੇਂਕਰਨ ਨਾਲ ਸਬੰਧਤ 131ਵਾਂ ਸੋਧ ਬਿੱਲ ਪੇਸ਼ ਕੀਤਾ, ਪਰ ਜ਼ਰੂਰੀ ਸਮਰਥਨ ਦੀ ਘਾਟ ਕਾਰਨ ਇਹ ਲੋਕ ਸਭਾ ਵਿੱਚ ਅਸਫਲ ਰਿਹਾ। ਇਹ ਧਿਆਨ ਦੇਣ ਯੋਗ ਹੈ ਕਿ ਕਿਸੇ ਵੀ ਸੰਵਿਧਾਨਕ ਸੋਧ ਬਿੱਲ ਨੂੰ ਪਾਸ ਕਰਨ ਲਈ ਲੋਕ ਸਭਾ ਵਿੱਚ ਦੋ ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ, ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਸਰਕਾਰ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਹਾਲਾਂਕਿ, ਇਸ ਵਾਰ, ਕਿਉਂਕਿ ਔਰਤਾਂ ਦੇ ਰਾਖਵੇਂਕਰਨ ਦਾ ਮੁੱਦਾ ਵੀ ਹੱਦਬੰਦੀ ਬਿੱਲ ਵਿੱਚ ਸੋਧ ਨਾਲ ਜੁੜਿਆ ਹੋਇਆ ਸੀ, ਇਸ ਲਈ ਸਰਕਾਰ ਲਈ ਇਸ ਮੁੱਦੇ 'ਤੇ ਦੋ ਤਿਹਾਈ ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਕਰਨਾ ਮੁਸ਼ਕਲ ਸੀ। ਪਹਿਲਾਂ ਹੀ ਮੰਨਿਆ ਜਾ ਰਿਹਾ ਸੀ ਕਿ ਲੋਕ ਸਭਾ ਵਿੱਚ ਸੋਧ ਬਿੱਲ ਪਾਸ ਕਰਨਾ ਅਸੰਭਵ ਹੋਵੇਗਾ। ਇਸ ਦੇ ਬਾਵਜੂਦ ਇਹ ਅਜੀਬ ਹੈ ਕਿ ਸਰਕਾਰ ਨੇ ਇਸ ਲਈ ਜ਼ੋਰ ਪਾਉਣ ਦੀ ਕੋਸ਼ਿਸ਼ ਕੀਤੀ। ਦਰਅਸਲ, ਇਸ ਸੋਧ ਬਿੱਲ ਦਾ ਦੱਸਿਆ ਗਿਆ ਉਦੇਸ਼ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਰਾਖਵਾਂਕਰਨ ਯਕੀਨੀ ਬਣਾਉਣਾ ਸੀ। ਇਸ ਤੋਂ ਇਲਾਵਾ 2026 ਤੋਂ ਪਹਿਲਾਂ ਕੀਤੀ ਗਈ ਜਨਗਣਨਾ ਦੇ ਆਧਾਰ 'ਤੇ ਰਾਜਾਂ ਵਿੱਚ ਸੀਟਾਂ ਦੀ ਹੱਦਬੰਦੀ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਲੋਕ ਸਭਾ ਸੀਟਾਂ ਦੀ ਗਿਣਤੀ 543 ਤੋਂ ਵਧਾ ਕੇ 850 ਕੀਤੀ ਜਾਵੇਗੀ। ਹਾਲਾਂਕਿ, ਕਿਉਂਕਿ ਸਰਕਾਰ ਇਸ ਮੁੱਦੇ 'ਤੇ ਜ਼ਰੂਰੀ ਸੰਖਿਆਤਮਕ ਸਮਰਥਨ ਪ੍ਰਾਪਤ ਕਰਨ ਵਿੱਚ ਅਸਫਲ ਰਹੀ, ਇਸ ਲਈ ਭਾਜਪਾ ਹੁਣ ਵਿਧਾਨ ਸਭਾ ਚੋਣ ਮੁਹਿੰਮ ਦੌਰਾਨ ਇਹ ਦੋਸ਼ ਲਗਾਉਣ ਦੀ ਕੋਸ਼ਿਸ਼ ਕਰ ਸਕਦੀ ਹੈ ਕਿ ਵਿਰੋਧੀ ਪਾਰਟੀਆਂ ਔਰਤਾਂ ਦੀ ਭਾਗੀਦਾਰੀ ਦਾ ਸਮਰਥਨ ਨਹੀਂ ਕਰਦੀਆਂ। ਸਵਾਲ ਇਹ ਹੈ ਕਿ ਔਰਤਾਂ ਦੇ ਵਿਧਾਨਕ ਰਾਖਵੇਂਕਰਨ ਸਬੰਧੀ ਬਿੱਲ, ਜੋ ਕਿ 2023 ਵਿੱਚ ਪਾਸ ਹੋਇਆ ਸੀ ਅਤੇ ਸੰਵਿਧਾਨ ਦਾ ਹਿੱਸਾ ਬਣ ਗਿਆ ਸੀ, ਨੂੰ ਕੁਝ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਦੁਬਾਰਾ ਕਿਉਂ ਪੇਸ਼ ਕੀਤਾ ਗਿਆ ਸੀ। ਇਹ ਬਿਨਾਂ ਵਜ੍ਹਾ ਨਹੀਂ ਹੈ ਕਿ ਇਸ ਸੋਧ ਬਿੱਲ ਦੇ ਸਮੇਂ ਬਾਰੇ ਸਵਾਲ ਉਠਾਏ ਜਾ ਰਹੇ ਹਨ। ਅਜਿਹਾ ਲਗਦਾ ਹੈ ਕਿ ਕਿਉਂਕਿ ਇਸ ਬਿੱਲ ਦੀ ਗੁੰਝਲਤਾ ਅਤੇ ਇਸਦੇ ਪਾਸ ਹੋਣ ਦੀਆਂ ਚੁਣੌਤੀਆਂ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀਆਂ ਸਨ, ਇਸ ਲਈ ਇਸਨੂੰ ਰਾਜਾਂ ਵਿੱਚ ਚੱਲ ਰਹੀ ਚੋਣ ਪ੍ਰਕਿਰਿਆ ਦੇ ਵਿਚਕਾਰ ਔਰਤਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਇੱਕ ਮਹੱਤਵਪੂਰਨ ਮੁੱਦੇ ਵਜੋਂ ਵੀ ਦੇਖਿਆ ਜਾ ਰਿਹਾ ਸੀ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸ਼ਨੀਵਾਰ ਨੂੰ ਰਾਸ਼ਟਰ ਨੂੰ ਸੰਬੋਧਨ ਵਿੱਚ ਸਪੱਸ਼ਟ ਸੀ, ਜਿਸ ਵਿੱਚ ਉਨ੍ਹਾਂ ਨੇ ਮਹਿਲਾ ਰਾਖਵਾਂਕਰਨ ਸੋਧ ਬਿੱਲ ਪਾਸ ਕਰਨ ਵਿੱਚ ਅਸਫਲ ਰਹਿਣ ਲਈ ਵਿਰੋਧੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਹਾਲਾਂਕਿ, ਸਰਕਾਰ ਵੱਲੋਂ ਬਿੱਲ ਪੇਸ਼ ਕਰਨਾ, ਜਿਸ ਵਿੱਚ ਰਾਖਵਾਂਕਰਨ ਪ੍ਰਣਾਲੀ ਨੂੰ ਲੋਕ ਸਭਾ ਦੇ ਨਵੇਂ ਹੱਦਬੰਦੀ ਅਤੇ ਵਿਸਥਾਰ ਨਾਲ ਜੋੜਿਆ ਗਿਆ ਸੀ, ਉਸ ਤਰ੍ਹਾਂ ਦੇ ਸਮਰਥਨ ਦੀ ਉਮੀਦ ਨਹੀਂ ਸੀ। ਦੱਖਣੀ ਭਾਰਤੀ ਰਾਜਾਂ, ਜਿਨ੍ਹਾਂ ਵਿੱਚ ਤਾਮਿਲਨਾਡੂ ਵੀ ਸ਼ਾਮਲ ਹੈ, ਵੱਲੋਂ ਔਰਤਾਂ ਦੇ ਰਾਖਵੇਂਕਰਨ ਦੇ ਪ੍ਰਬੰਧਾਂ ਅਤੇ ਖਾਸ ਕਰਕੇ ਹੱਦਬੰਦੀ ਦੇ ਮੁੱਦੇ 'ਤੇ ਪ੍ਰਤੀਕਿਰਿਆ, ਵਿਰੋਧੀ ਪਾਰਟੀਆਂ ਦੇ ਸਮਰਥਨ ਜਾਂ ਵਿਰੋਧ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ। ਦੁੱਖ ਦੀ ਗੱਲ ਹੈ ਕਿ ਜਦੋਂ ਕਿ ਵਿਧਾਨ ਸਭਾ ਵਿੱਚ ਔਰਤਾਂ ਦੀ ਭਾਗੀਦਾਰੀ ਵਧਾਉਣ ਦੀ ਪਹਿਲ ਸਰਬਸੰਮਤੀ ਨਾਲ ਹੋਣੀ ਚਾਹੀਦੀ ਸੀ, ਇਹ ਸਵਾਲਾਂ ਵਿੱਚ ਫਸੀ ਰਹੀ। ਇਸ ਮੁੱਦੇ 'ਤੇ ਰਾਜਨੀਤੀਕਰਨ ਕਰਨ ਦੀ ਬਜਾਏ ਇਸ 'ਤੇ ਸਹਿਮਤੀ ਲੱਭਣ ਦੀ ਕੋਸ਼ਿਸ਼ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

### ਪੰਜਾਬ ਦਾ 2027 ਚੋਣ ਪਰਵ ਇਸ ਵਾਰ ਹੋਵੇਗਾ ਖਾਸ

# ਨਵਾਂ ਨੈਰੇਟਿਵ ਤੇ ਪੰਜਾਬ ਦਾ ਜੁਝਾਰੂਪਣ ਹੀ ਪੰਜਾਬ ਨੂੰ ਬਦਲ ਸਕਦਾ ਹੈ

## ਰਾਜਨੀਤਿਕ ਪਾਰਟੀਆਂ ਦੀ ਆਸ ਛੱਡੋ, ਪੰਜਾਬ ਦੀ ਜ਼ਮੀਨੀ ਪਾਰਟੀਆਂ 'ਤੇ ਹੀ ਆਸ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਨਿਰਾਸ਼ਾ ਦੇ ਦੌਰ 'ਚੋਂ ਨਿਕਲ ਰਿਹਾ ਹੈ ਪਰੰਤੂ 2027 ਦਾ ਨਵਾਂ ਨੈਰੇਟਿਵ ਹੀ ਇਸ ਨੂੰ ਬਦਲ ਸਕਦਾ ਹੈ। ਜਿਸ 'ਤੇ ਹੁਣ ਉਮੀਦਾਂ ਹਨ । ਪੰਜਾਬ ਵਿੱਚ ਹੁਣ ਕੀ ਨਵਾਂ ਹੋਵੇਗਾ? ਵੋਟਾਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਨਵਾਂ ਨੈਰੇਟਿਵ ਰਚਣ ਦੀ ਲੋੜ ਹੈ। ਤੁਹਾਨੂੰ ਯਾਦ ਹੋਵੇਗਾ ਕਿ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇ ਰਾਜਨੀਤੀ ਦਾ ਇੱਕ ਵੱਡਾ ਬਦਲਾਅ ਦਿਖਾਇਆ ਸੀ। ਕਾਂਗਰਸ ਨੇ 77 ਸੀਟਾਂ ਜਿੱਤ ਕੇ ਸੱਤਾ ਹਾਸਲ ਕੀਤੀ, ਐੱਸਏਡੀ-ਭਾਜਪਾ ਗਠਜੋੜ ਨੂੰ ਭਾਰੀ ਹਾਰ ਹੋਈ ਅਤੇ ਆਪ 20 ਸੀਟਾਂ ਨਾਲ ਤੀਜੀ ਤਾਕਤ ਵਜੋਂ ਉਭਰੀ। ਉਸ ਵੇਲੇ ਡਰੱਗਜ਼, ਭ੍ਰਿਸ਼ਟਾਚਾਰ ਅਤੇ ਐਂਟੀ-ਇੰਕੰਬੈਂਸੀ ਮੁੱਖ ਮੁੱਦੇ ਸਨ। ਲੋਕਾਂ ਨੇ ਬਦਲਾਅ ਚਾਹਿਆ ਸੀ, ਪਰ ਉਸ ਤੋਂ ਬਾਅਦ ਦੀਆਂ ਘਟਨਾਵਾਂ ਨੇ ਦਿਖਾਇਆ ਕਿ ਰਾਜਨੀਤਿਕ ਪਾਰਟੀਆਂ ਵੋਟ ਬੈਂਕ ਅਤੇ ਜਾਤੀ-ਧਰਮੀ ਰਾਜਨੀਤੀ ਵਿੱਚ ਉਲਝੀਆਂ ਰਹੀਆਂ। ਉਹ ਨਤੀਜਾ ਪੰਜਾਬ ਅਜੇ ਵੀ ਨਸ਼ਿਆਂ, ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਬ੍ਰੇਨ ਡਰੇਨ ਵਰਗੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਅੱਜ 2026 ਵਿੱਚ ਖੜ੍ਹੇ ਹੋ ਕੇ ਪੁੱਛਿਆ ਜਾ ਰਿਹਾ ਹੈ — ਹੁਣ ਕੀ ਨਵਾਂ ਹੋਵੇਗਾ? ਲੱਗਦਾ ਹੈ ਕਿ ਜਿੰਨਾ ਚਿਰ ਤੱਕ ਪੰਜਾਬ ਆਪਣੀਆਂ ਅਸਲੀ ਸਮੱਸਿਆਵਾਂ ਨੂੰ ਨਹੀਂ ਦਿਖਾਏਗਾ, ਉਨੀ ਦੇਰ ਤੱਕ ਖੁਸ਼ਹਾਲੀ ਨਹੀਂ ਆਵੇਗੀ। ਰਾਜਨੀਤਿਕ ਪਾਰਟੀਆਂ ਦੀ ਵੋਟਾਂ ਦੀ ਰਾਜਨੀਤੀ ਨੇ ਸੂਬੇ ਨੂੰ ਪਿੱਛੇ ਧੱਕਿਆ ਹੈ। ਇਸ ਵਿੱਚ ਅਕਾਲੀ ਦਲ ਜਾਂ ਭਾਜਪਾ ਕੋਈ ਨਵਾਂ ਨੈਰੇਟਿਵ ਰਚ ਕੇ ਬਦਲਾਅ ਲਿਆ ਸਕਦਾ ਹੈ।

ਅੱਜ ਚੋਣਾਂ ਇੱਕ ਬਦਲਾਅ ਦੀ ਆਸ ਅਤੇ ਉਸ ਦੀ ਅਸਫਲਤਾ 2017 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵੋਟਰ ਟਰਨਆਊਟ ਲਗਭਗ 77.4 ਫੀਸਦੀ ਰਿਹਾ ਸੀ । ਕਾਂਗਰਸ ਨੇ 38.5 ਫੀਸਦੀ ਵੋਟ ਸ਼ੇਅਰ ਨਾਲ 77 ਸੀਟਾਂ ਜਿੱਤੀਆਂ, ਐੱਸਏਡੀ ਦੀ ਵੋਟ ਸ਼ੇਅਰ 25.2 ਫੀਸਦੀ ਤੱਕ ਡਿੱਗ ਗਈ ਅਤੇ ਉਸ ਨੂੰ ਸਿਰਫ਼ 15 ਸੀਟਾਂ ਮਿਲੀਆਂ। ਭਾਜਪਾ ਨੂੰ 5.4 ਫੀਸਦੀ ਵੋਟ ਨਾਲ 3 ਸੀਟਾਂ ਮਿਲੀਆਂ ਅਤੇ ਆਪ ਨੇ 23.7 ਫੀਸਦੀ ਵੋਟ ਨਾਲ 20 ਸੀਟਾਂ ਹਾਸਲ ਕੀਤੀਆਂ। ਇਹ ਚੋਣਾਂ ਤਿੰਨ-ਧਿਰੀ ਲੜਾਈ ਵਜੋਂ ਯਾਦ ਰਹਿਣਗੀਆਂ। ਮੁੱਖ ਮੁੱਦਾ ਡਰੱਗਜ਼ ਸੀ। ਲੋਕਾਂ ਨੇ ਐੱਸਏਡੀ ਸਰਕਾਰ ਉੱਤੇ ਨਸ਼ਿਆਂ ਨੂੰ ਫੈਲਾਉਣ ਦਾ ਇਲਜ਼ਾਮ ਲਾਇਆ। ਯੁਵਕਾਂ ਵਿੱਚ ਬੇਰੁਜ਼ਗਾਰੀ, ਖੇਤੀ ਵਿੱਚ ਸੰਕਟ ਅਤੇ ਭ੍ਰਿਸ਼ਟਾਚਾਰ ਵੀ ਵੱਡੇ ਮੁੱਦੇ ਸਨ। ਲੋਕਾਂ ਨੇ ਬਦਲਾਅ ਲਈ ਵੋਟ ਦਿੱਤੀ, ਪਰ ਉਸ ਤੋਂ ਬਾਅਦ ਦੀਆਂ ਸਰਕਾਰਾਂ (ਕਾਂਗਰਸ 2017-2022 ਅਤੇ ਆਪ 2022 ਤੋਂ ਬਾਅਦ) ਨੇ ਵੀ ਉਮੀਦਾਂ ਪੂਰੀਆਂ ਨਾ ਕੀਤੀਆਂ।

ਅੱਜ ਨਸ਼ਿਆਂ ਦਾ ਸੰਕਟ ਅਜੇ ਵੀ ਗੰਭੀਰ ਹੈ, ਯੁਵਕ ਵਿਦੇਸ਼ ਭੱਜ ਰਹੇ ਹਨ ਅਤੇ ਖੇਤੀ ਆਰਥਿਕਤਾ ਤਣਾਅ ਵਿੱਚ ਹੈ। ਇਸ ਤੋਂ ਸਾਫ਼ ਹੈ ਕਿ ਰਾਜਨੀਤਿਕ ਪਾਰਟੀਆਂ ਵੋਟ ਬੈਂਕ (ਜਾਤੀ, ਧਰਮੀ ਅਤੇ ਖੇਤੀ ਲਾਬੀ) ਤੋਂ ਉੱਪਰ ਨਹੀਂ ਉੱਠ ਸਕੀਆਂ। ਉਨ੍ਹਾਂ ਨੇ ਛੋਟੀਆਂ-ਛੋਟੀਆਂ ਯੋਜਨਾਵਾਂ ਅਤੇ ਵਾਅਦਿਆਂ ਤੱਕ ਖੁਦ ਨੂੰ ਸੀਮਤ ਰੱਖਿਆ। ਨਤੀਜਾ ਇਹ ਹੈ ਕਿ ਪੰਜਾਬ ਦੀ ਆਰਥਿਕਤਾ ਸਥਿਰ ਨਹੀਂ ਹੋਈ, ਯੁਵਕਾਂ ਵਿੱਚ ਉਦਾਸੀ ਵਧੀ ਅਤੇ ਸਮਾਜਿਕ ਏਕਤਾ 'ਤੇ ਠੇਸ ਲੱਗੀ। ਵਰਤਮਾਨ ਚੁਣੌਤੀਆਂ: ਨਸ਼ੇ, ਬੇਰੁਜ਼ਗਾਰੀ ਅਤੇ ਖੇਤੀ ਸੰਕਟ ਪੰਜਾਬ ਅੱਜ ਵੀ ਡਰੱਗਜ਼ ਦੀ ਲਾਹਨਤ ਨਾਲ ਜੂਝ ਰਿਹਾ ਹੈ। ਲੱਖਾਂ ਯੁਵਕ ਨਸ਼ਿਆਂ ਵਿੱਚ ਫਸੇ ਹੋਏ ਹਨ ਅਤੇ ਓਵਰਡੋਜ਼ ਮੌਤਾਂ ਵੀ ਵਾਪਰ ਰਹੀਆਂ ਹਨ। ਰਿਹੈਬਿਲੀਟੇਸ਼ਨ ਸੈਂਟਰਾਂ ਵਿੱਚ ਰਿਲੈਪਸ ਰੇਟ ਬਹੁਤ ਉੱਚਾ ਹੈ। ਬੇਰੁਜ਼ਗਾਰੀ ਵੀ ਗੰਭੀਰ ਸਮੱਸਿਆ ਹੈ। ਖੇਤੀ ਤੋਂ ਯੁਵਕ ਮੋਹ ਭੰਗ ਕਰ ਚੁੱਕੇ ਹਨ ਕਿਉਂਕਿ ਲਾਗਤਾਂ ਵੱਧ ਰਹੀਆਂ ਹਨ, ਉਪਜ ਘੱਟ ਰਹੀ ਹੈ ਅਤੇ ਭੂਗਰਭੀ ਜਲ ਲੈਵਲ ਹੇਠਾਂ ਜਾ ਰਿਹਾ ਹੈ। ਅੱਜ ਛੋਟੀਆਂ ਜ਼ਮੀਨਾਂ ਵਾਲੇ ਕਿਸਾਨ ਕਰਜ਼ੇ ਵਿੱਚ ਡੁੱਬ ਰਹੇ ਹਨ। ਬ੍ਰੇਨ ਡਰੇਨ ਵੀ ਵੱਡੀ ਚੁਣੌਤੀ ਹੈ। ਹਜ਼ਾਰਾਂ ਯੁਵਕ ਕੈਨੇਡਾ, ਆਸਟਰੇਲੀਆ ਅਤੇ ਯੂਕੇ ਵੱਲ ਭੱਜ ਰਹੇ ਹਨ। ਇਸ ਨਾਲ ਸੂਬੇ ਦੀ ਭਵਿੱਖੀ ਤਾਕਤ ਖਤਮ ਹੋ ਰਹੀ ਹੈ। ਉਦਯੋਗਿਕ ਵਿਕਾਸ ਘੱਟ ਹੈ ਅਤੇ ਇਨਵੈਸਟਰ ਆਉਣ ਤੋਂ ਹਿਚਕਿਚਾ ਰਹੇ ਹਨ ਕਿਉਂਕਿ ਸਥਿਰਤਾ ਅਤੇ ਆਪਣੀਆਂ ਨੀਤੀਆਂ ਵਿੱਚ ਭਰੋਸਾ ਘੱਟ ਹੈ। ਇਸ ਸਭ ਦਾ ਮੂਲ ਕਾਰਨ ਰਾਜਨੀਤਿਕ ਅਸਫਲਤਾ ਹੈ। ਪਾਰਟੀਆਂ ਨੇ ਅਸਲ ਮੁੱਦਿਆਂ ਤੋਂ ਭਟਕ ਕੇ ਧਰਮੀ ਧਰਪੋਕੀ, ਜਾਤੀ ਰਾਜਨੀਤੀ ਅਤੇ ਵਿਅਕਤੀਗਤ ਹਮਲਿਆਂ ਵਿੱਚ ਉਲਝੀਆਂ ਰਹੀਆਂ। ਨਤੀਜਾ ਇਹ ਹੈ ਕਿ ਯੁਵਕ ਰਾਜਨੀਤੀ ਤੋਂ ਵਿਸ਼ਵਾਸ ਗੁਆ ਚੁੱਕੇ ਹਨ ਅਤੇ ਉਹ ਆਪਣਾ ਭਵਿੱਖ ਬਾਹਰ ਲੱਭ ਰਹੇ ਹਨ।

ਅੱਜ ਰਾਜਨੀਤਿਕ ਪਾਰਟੀਆਂ ਅਤੇ ਵੋਟ ਬੈਂਕ ਦੀ ਰਾਜਨੀਤੀ ਪੰਜਾਬ ਵਿੱਚ ਰਾਜਨੀਤੀ ਅੱਜ ਵੀ ਵੋਟ ਬੈਂਕ 'ਤੇ ਚੱਲ ਰਹੀ ਹੈ। ਐੱਸਏਡੀ ਸਿੱਖ ਵੋਟ ਬੈਂਕ 'ਤੇ ਨਿਰਭਰ ਹੈ, ਭਾਜਪਾ ਹਿੰਦੂ ਅਤੇ ਸ਼ਹਿਰੀ ਵੋਟ 'ਤੇ, ਕਾਂਗਰਸ ਜਾਤੀ ਸਮੀਕਰਨਾਂ 'ਤੇ ਅਤੇ ਆਪ ਨਵੀਂ ਛਵੀ ਬਣਾਉਣ ਵਿੱਚ ਲੱਗੀ ਹੈ। ਇਸ ਨਾਲ ਅਸਲੀ ਮੁੱਦਿਆਂ 'ਤੇ ਧਿਆਨ ਨਹੀਂ ਦਿੱਤਾ ਜਾ ਰਿਹਾ। 2027 ਚੋਣਾਂ ਲਈ ਮਾਹੌਲ ਬਦਲ ਰਿਹਾ ਹੈ। ਭਾਜਪਾ ਨੇ ਐੱਸਏਡੀ ਨਾਲ ਗਠਜੋੜ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਆਪਣੀ ਤਾਕਤ ਨਾਲ ਲੜਨ ਦਾ ਐਲਾਨ ਕੀਤਾ ਹੈ। ਅਕਾਲੀ ਦਲ ਵੀ ਆਪਣੀ ਰਣਨੀਤੀ ਬਦਲ ਰਿਹਾ ਹੈ ਅਤੇ ਸ਼ਹਿਰੀ ਸੀਟਾਂ 'ਤੇ ਧਿਆਨ ਦੇ ਰਿਹਾ ਹੈ। ਇਸ ਨਾਲ ਚੋਣਾਂ ਚਾਰ-ਧਿਰੀ ਬਣ ਸਕਦੀਆਂ ਹਨ — ਆਪ, ਕਾਂਗਰਸ, ਭਾਜਪਾ ਅਤੇ ਐੱਸਏਡੀ। ਪਰ ਸਵਾਲ ਇਹ ਹੈ ਕਿ ਇਸ ਰਾਜਨੀਤਿਕ ਖੇਡ ਵਿੱਚ ਪੰਜਾਬ ਦਾ ਭਲਾ ਕਿਵੇਂ ਹੋਵੇਗਾ? ਜੇਕਰ ਪਾਰਟੀਆਂ ਫਿਰ ਵੋਟ ਬੈਂਕ 'ਤੇ ਖੇਡੀਆਂ ਤਾਂ ਸੂਬਾ ਹੋਰ ਪਿੱਛੇ ਧੱਕਿਆ ਜਾਵੇਗਾ।

ਅੱਜ ਨਵਾਂ ਨੈਰੇਟਿਵ ਰਚਣ ਦੀ ਲੋੜ ਹੈ। ਯੁਵਕਾਂ ਲਈ ਖੇਤੀ ਅਤੇ ਆਧੁਨਿਕੀਕਰਨ ਪੰਜਾਬ ਲਈ ਨਵਾਂ ਨੈਰੇਟਿਵ ਰਚਣਾ ਲਾਜ਼ਮੀ ਹੈ। ਇਸ ਵਿੱਚ ਯੁਵਕਾਂ ਨੂੰ ਕੇਂਦਰ ਵਿੱਚ ਰੱਖਣਾ ਪਵੇਗਾ, ਸਕਿੱਲ ਡਿਵੈਲਪਮੈਂਟ, ਉਦਯੋਗਿਕ ਵਿਕਾਸ ਅਤੇ ਐਂਟਰਪ੍ਰੀਨਿਉਰਸ਼ਿਪ ਰਾਹੀਂ ਰੁਜ਼ਗਾਰ ਪੈਦਾ ਕਰਨਾ ਚਾਹੀਦਾ ਹੈ। ਖੇਤੀ ਨੂੰ ਆਧੁਨਿਕ ਬਣਾਉਣਾ ਪਵੇਗਾ — ਫਲ-ਸਬਜ਼ੀਆਂ, ਆਰਗੈਨਿਕ ਖੇਤੀ, ਐਗਰੋ-ਪ੍ਰੋਸੈਸਿੰਗ ਅਤੇ ਐਕਸਪੋਰਟ ਉੱਤੇ ਧਿਆਨ ਦੇਣਾ ਚਾਹੀਦਾ ਹੈ। ਨਸ਼ਾ ਰੋਕਥਾਮ ਲਈ ਡਾਟਾ-ਆਧਾਰਿਤ ਰਣਨੀਤੀ ਬਣਾਉਣੀ ਪਵੇਗੀ — ਰੋਕਥਾਮ, ਇਲਾਜ ਅਤੇ ਰਿਹੈਬਿਲੀਟੇਸ਼ਨ ਤਿੰਨੋਂ ਪੱਖਾਂ 'ਤੇ ਕੰਮ ਕਰਨਾ ਚਾਹੀਦਾ ਹੈ। ਸਿੱਖਿਆ ਨੂੰ ਸਕਿੱਲ-ਆਧਾਰਿਤ ਬਣਾਉਣਾ ਅਤੇ ਮਾਨਸਿਕ ਸਿਹਤ ਸੇਵਾਵਾਂ ਵਧਾਉਣੀਆਂ ਲਾਜ਼ਮੀ ਹਨ। ਇਸ ਨਵੇਂ ਨੈਰੇਟਿਵ ਵਿੱਚ ਧਰਮੀ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਏਕਤਾ 'ਤੇ ਧਿਆਨ ਦੇਣਾ ਪਵੇਗਾ।

ਅੱਜ ਯੁਵਕਾਂ ਨੂੰ ਰਾਜਨੀਤੀ ਵਿੱਚ ਭਾਗ ਲੈਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਭਵਿੱਖ ਲਈ ਲੜ ਸਕਣ। ਅਕਾਲੀ ਦਲ ਅਤੇ ਭਾਜਪਾ: ਕੀ ਉਹ ਨਵਾਂ ਬਦਲਾਅ ਲਿਆ ਸਕਦੇ ਹਨ? ਅਕਾਲੀ ਦਲ ਪੰਜਾਬ ਦੀ ਪੁਰਾਣੀ ਰਾਜਨੀਤਿਕ ਤਾਕਤ ਹੈ। ਉਸ ਨੇ ਖੇਤੀ ਅਤੇ ਸਿੱਖ ਭਾਵਨਾਵਾਂ 'ਤੇ ਆਪਣੀ ਪਕੜ ਬਣਾਈ ਹੈ। ਪਰ ਉਸ ਨੂੰ ਆਪਣੀ ਛਵੀ ਬਦਲਣੀ ਪਵੇਗੀ — ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਤੋਂ ਉੱਪਰ ਉੱਠ ਕੇ ਯੁਵਕਾਂ ਅਤੇ ਸ਼ਹਿਰੀ ਵਰਗ ਤੱਕ ਪਹੁੰਚ ਬਣਾਉਣੀ ਪਵੇਗੀ। ਜੇਕਰ ਅਕਾਲੀ ਦਲ ਨਸ਼ਾ ਮੁਕਤੀ, ਖੇਤੀ ਵਿਭਿੰਨਤਾ ਅਤੇ ਉਦਯੋਗਿਕ ਵਿਕਾਸ ਵਰਗੇ ਮੁੱਦਿਆਂ 'ਤੇ ਠੋਸ ਰਣਨੀਤੀ ਲੈ ਕੇ ਆਉਂਦਾ ਹੈ ਤਾਂ ਉਹ ਬਦਲਾਅ ਲਿਆ ਸਕਦਾ ਹੈ ਪਰ ਵਰਤਮਾਨ ਵਿੱਚ ਉਸ ਨੂੰ ਆਪਣੀ ਅੰਦਰੂਨੀ ਏਕਤਾ ਅਤੇ ਲੀਡਰਸ਼ਿਪ 'ਤੇ ਕੰਮ ਕਰਨਾ ਪਵੇਗਾ। ਭਾਜਪਾ ਪੰਜਾਬ ਵਿੱਚ ਆਪਣੀ ਤਾਕਤ ਵਧਾ ਰਹੀ ਹੈ। ਉਸ ਨੇ ਐੱਸਏਡੀ ਨਾਲ ਗਠਜੋੜ ਤੋਂ ਇਨਕਾਰ ਕਰ ਦਿੱਤਾ ਹੈ ਅਤੇ 2027 ਵਿੱਚ ਇੱਕਲਾ ਲੜਨ ਦਾ ਐਲਾਨ ਕੀਤਾ ਹੈ।

ਅੱਜ ਭਾਜਪਾ ਸ਼ਹਿਰੀ ਵੋਟ, ਓਬੀਸੀ ਅਤੇ ਡਾਲਿਟ ਵੋਟ 'ਤੇ ਧਿਆਨ ਦੇ ਰਹੀ ਹੈ। ਉਸ ਨੂੰ ਨਵਾਂ ਨੈਰੇਟਿਵ ਰਚਣ ਲਈ ਰਾਸ਼ਟਰੀ ਵਿਕਾਸ ਮਾਡਲ ਨੂੰ ਪੰਜਾਬੀ ਸੰਦਰਭ ਵਿੱਚ ਲਾਗੂ ਕਰਨਾ ਪਵੇਗਾ — ਉਦਯੋਗਿਕ ਵਿਕਾਸ, ਟੈਕਨਾਲੌਜੀ ਅਤੇ ਯੁਵਕ ਉੱਦਮਤਾ 'ਤੇ ਧਿਆਨ ਦੇਣਾ ਚਾਹੀਦਾ ਹੈ। ਜੇਕਰ ਭਾਜਪਾ ਆਪਣੀ ਆਰਗੇਨਾਈਜ਼ੇਸ਼ਨ ਮਜ਼ਬੂਤ ਕਰਕੇ ਬੂਥ ਲੈਵਲ ਤੱਕ ਪਹੁੰਚ ਬਣਾਉਂਦੀ ਹੈ ਤਾਂ ਉਹ ਵੱਡੀ ਤਬਦੀਲੀ ਲਿਆ ਸਕਦੀ ਹੈ। ਪਰ ਉਸ ਨੂੰ ਸਿੱਖ ਭਾਵਨਾਵਾਂ ਅਤੇ ਖੇਤੀ ਮੁੱਦਿਆਂ 'ਤੇ ਸੰਵੇਦਨਸ਼ੀਲ ਰਹਿਣਾ ਪਵੇਗਾ। ਦੋਵਾਂ ਪਾਰਟੀਆਂ ਲਈ ਚੁਣੌਤੀ ਇਹ ਹੈ ਕਿ ਉਹ ਵੋਟ ਬੈਂਕ ਤੋਂ ਉੱਪਰ ਉੱਠ ਕੇ ਇੱਕ ਆਮ ਪੰਜਾਬੀ ਨੈਰੇਟਿਵ ਰਚਣ — ਜਿੱਥੇ ਨਸ਼ਾ ਮੁਕਤੀ, ਰੁਜ਼ਗਾਰ ਅਤੇ ਆਧੁਨਿਕ ਵਿਕਾਸ ਮੁੱਖ ਹੋਵੇ। ਜੇਕਰ ਉਹ ਇਸ ਵਿੱਚ ਕਾਮਯਾਬ ਹੋਏ ਤਾਂ ਪੰਜਾਬ ਨੂੰ ਬਦਲ ਸਕਦੇ ਹਨ, ਨਹੀਂ ਤਾਂ ਰਾਜਨੀਤੀ ਫਿਰ ਵੋਟਾਂ ਦੀ ਖੇਡ ਤੱਕ ਸੀਮਤ ਰਹੇਗੀ।

ਪੰਜਾਬ ਵਿੱਚ ਬਦਲਾਅ ਲਈ ਏਕਤਾ ਅਤੇ ਨਵੀਂ ਸੋਚ ਦੀ ਲੋੜ ਪੰਜਾਬ ਦਾ ਭਵਿੱਖ ਰਾਜਨੀਤਿਕ ਪਾਰਟੀਆਂ ਦੇ ਹੱਥ ਵਿੱਚ ਹੈ, ਪਰ ਉਸ ਤੋਂ ਵੀ ਵੱਧ ਯੁਵਕਾਂ ਅਤੇ ਸਮਾਜ ਦੇ ਹੱਥ ਵਿੱਚ ਹੈ। ਜੇਕਰ ਕੋਈ ਪਾਰਟੀ (ਭਾਵੇਂ ਅਕਾਲੀ ਦਲ ਜਾਂ ਭਾਜਪਾ) ਚੰਗੀ ਸੋਚ ਨਾਲ ਨਵਾਂ ਨੈਰੇਟਿਵ ਰਚਦੀ ਹੈ ਅਤੇ ਅਸਲੀ ਮੁੱਦਿਆਂ 'ਤੇ ਕੰਮ ਕਰਦੀ ਹੈ ਤਾਂ ਉਹ ਪੰਜਾਬ ਨੂੰ ਬਦਲ ਸਕਦੀ ਹੈ। ਇਸ ਲਈ ਧਰਮੀ ਅਤੇ ਜਾਤੀ ਵੰਡ ਤੋਂ ਉੱਪਰ ਉੱਠ ਕੇ ਏਕਤਾ ਬਣਾਉਣੀ ਪਵੇਗੀ। ਪੰਜਾਬ ਇੱਕ ਵਾਰ ਫਿਰ ਗ੍ਰੀਨ ਰੈਵੋਲਿਊਸ਼ਨ ਵਰਗੀ ਤਾਕਤ ਬਣ ਸਕਦਾ ਹੈ—ਆਧੁਨਿਕ ਖੇਤੀ, ਉਦਯੋਗ ਅਤੇ ਯੁਵਕ ਊਰਜਾ ਨਾਲ। ਬਸ ਇਸ ਲਈ ਖੋਖਲੀਆਂ ਗੱਲਾਂ ਛੱਡ ਕੇ ਅਸਲ ਕਾਰਜ ਕਰਨਾ ਪਵੇਗਾ।

ਪਿਛਲੀਆਂ ਚੋਣਾਂ ਵਿੱਚ ਲੋਕਾਂ ਨੇ ਬਦਲਾਅ ਚਾਹਿਆ ਸੀ, ਹੁਣ ਸਮਾਂ ਆ ਗਿਆ ਹੈ ਕਿ ਰਾਜਨੀਤਿਕ ਤਾਕਤਾਂ ਉਸ ਬਦਲਾਅ ਨੂੰ ਅਸਲੀਅਤ ਵਿੱਚ ਬਦਲਣ। ਪੰਜਾਬ ਨੂੰ ਉਸ ਗਰਵ ਵਾਲੀ ਧਰਤੀ ਬਣਾਉਣਾ ਹੈ ਜਿੱਥੇ ਯੁਵਕ ਆਪਣਾ ਭਵਿੱਖ ਲੱਭ ਸਕਣ ਅਤੇ ਸੂਬਾ ਖੁਸ਼ਹਾਲ ਬਣ ਸਕੇ। ਇਹ ਤਬਦੀਲੀ ਆਪਣੇ ਆਪ ਨਹੀਂ ਆਵੇਗੀ — ਇਸ ਲਈ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ।

# 'ਮੈਨੂੰ ਮੁਆਫ਼ੀ ਨਹੀਂ, ਫਾਂਸੀ ਚਾਹੀਦੀ ਹੈ' (ਬੰਦੀ ਸਿੰਘ ਬਨਾਮ ਸ੍ਰ. ਬਲਵੰਤ ਸਿੰਘ ਰਾਜੋਆਣਾ)



ਡਾ. ਕੁਲਵੰਤ ਕੌਰ
ਮੋ: 98156-20515

ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ 'ਚ ਬੰਦ ਅਤੇ ਦਹਾਕਿਆਂ ਤੋਂ ਫਾਂਸੀ ਦੀਆਂ ਚੱਕੀਆਂ 'ਚ ਹੁਬੜੇ ਸਿੰਘਾਂ ਦੀਆਂ ਦੁਸ਼ਵਾਰੀਆਂ, ਯਾਤਨਾਵਾਂ ਅਤੇ ਹੱਡਬੀਤੀਆਂ ਸੁਣਨ-ਸਮਝਣ ਵਾਲਾ ਸ਼ਾਇਦ ਹੁਣ ਇੱਥੇ ਕੋਈ ਨਹੀਂ ਹੈ। ਬੰਦੀ ਸਿੰਘਾਂ ਦੀ ਰਿਹਾਈ ਦੀਆਂ ਗੱਲਾਂ ਭਾਵੇਂ ਚਿਰਾਂ ਤੋਂ ਹੁੰਦੀਆਂ ਆ ਰਹੀਆਂ ਹਨ ਪਰੰਤੂ ਦਿਲੋਂ ਮਨੋਂ ਸਭ ਸਰਕਾਰਾਂ ਇਸ ਮਰਹਲੇ 'ਤੇ ਇਕੋ ਹੀ ਸੋਚ ਰੱਖਦੀਆਂ ਹਨ। 2019 ਵਿਚ, ਸਤਿਗੁਰੂ ਜੀ ਦੇ ਪਾਵਨ 550 ਸਾਲਾ ਪ੍ਰਕਾਸ਼-ਪੁਰਬ ਮੌਕੇ ਵੀ ਕੇਂਦਰ ਸਰਕਾਰ ਵੱਲੋਂ ਜਿਨ੍ਹਾਂ (8) ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕੀਤਾ ਗਿਆ ਸੀ, ਉਹ ਵੀ ਅਧਵਾਟੇ ਹੀ ਦਮ ਤੋੜ ਗਿਆ ਹੈ। ਪੰਥਕ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਮਾਨਵ ਹਿਤੈਸ਼ੀ ਸੰਸਥਾਵਾਂ ਦੀਆਂ ਵਾਰ-ਵਾਰ ਅਪੀਲਾਂ, ਦਲੀਲਾਂ ਤੇ ਬੇਨਤੀਆਂ 'ਤੇ ਫਿਰਕਾਪ੍ਰਸਤ, ਬੇਰਹਿਮ ਅਤੇ ਪੱਖਪਾਤੀ ਸਰਕਾਰਾਂ ਅਤੇ ਸਰਕਾਰੀ ਨੁਮਾਇੰਦਿਆਂ ਨੇ ਬੰਦੀ ਸਿੰਘਾਂ ਨੂੰ ਜ਼ਲਾਲਤ ਅਤੇ ਅਣਗੌਲਣਾ ਤੋਂ ਵੱਧ ਕੁਝ ਨਹੀਂ ਦਿੱਤਾ। ਜਦੋਂਕਿ ਦੂਜੇ ਪਾਸੇ ਮਾਲੇਗਾਓਂ ਧਮਾਕਿਆਂ, ਬਿਲਕੀਸ ਬਾਨੋ ਕਾਂਡ ਅਤੇ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਦੋਸ਼ੀਆਂ ਨੂੰ ਰਿਹਾਈ ਵੀ ਮਿਲੀ, ਅਹੁਦੇ ਤੇ ਤਰੱਕੀਆਂ ਵੀ ਮਿਲੀਆਂ ਤੇ ਕਈਆਂ ਨੂੰ ਪਾਰਲੀਮੈਂਟ ਤੱਕ ਪਹੁੰਚਣ ਦੀ ਮੱਦਦ ਵੀ। ਹੋਰ ਤਾਂ ਹੋਰ, ਗਵਾਂਢੀ ਸੂਬੇ 'ਚ ਬਲਾਤਕਾਰ ਤੇ ਹੱਤਿਆ ਕਾਰਨ ਜੇਲ੍ਹ-ਬੰਦ ਇੱਕ ਛਲੇਡੇ ਸਾਧੂ ਨੂੰ ਤਾਂ ਹਰ ਦੂਜੇ-ਤੀਜੇ ਮਹੀਨੇ ਪੈਰੋਲ ਤੇ ਫਰਲੋ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੇ ਅੰਧ-ਭਗਤਾਂ ਦੀਆਂ ਸਰਕਾਰ-ਪੱਖੀ ਵੋਟਾਂ ਭੁਗਤਾ ਸਕੇ। ਪਿਛਲੇ ਦਿਨੀਂ ਮਿਲੀ ਇਕ ਅਤਿਅੰਤ ਸਨਸਨੀਖੇਜ਼ ਖ਼ਬਰ ਪੜ੍ਹ ਕੇ, ਇਸ ਆਜ਼ਾਦ ਭਾਰਤ ਵਿਚ ਸਿੱਖਾਂ ਦੀ ਦੁਰਦਸ਼ਾ, ਪੱਖਪਾਤ, ਦੁਰਾਂਡ ਅਤੇ ਵਧੀਕੀਆਂ ਦਾ ਹੋਰ ਸ਼ਿੱਦਤ ਨਾਲ ਅਹਿਸਾਸ ਹੋਇਆ।

ਖ਼ਬਰ 'ਭਾਰਤੀ ਫ਼ੌਜ ਵਿਚ ਵਿਰਲੀ ਤਰੱਕੀ, ਕਰਨਲ ਪੁਰੋਹਿਤ ਬਣੇ ਬ੍ਰਿਗੇਡੀਅਰ' ਬਾਰੇ ਹੈ ਅਰਥਾਤ ਬਿਨਾ ਕਰਨਲ ਪੱਧਰ 'ਤੇ ਯੂਨਿਟ ਕਮਾਂਡ ਕੀਤਿਆਂ ਹੀ ਬ੍ਰਿਗੇਡੀਅਰ ਦਾ ਰੁਤਬਾ ਹਾਸਿਲ ਕਰਨ ਵਾਲੇ ਕਰਨਲ ਪੁਰੋਹਿਤ ਫੀਲਡ ਮਾਰਸ਼ਲ ਸੈਮ ਮਾਨਿਕਸ਼ਾ ਦੇ ਬਰਾਬਰ ਜਾ ਖੜ੍ਹਦੇ ਹਨ। 1994 ਵਿਚ ਮਰਾਠਾ ਲਾਈਟ ਇਨਫੈਂਟਰੀ ਵਿਚ ਕਮਿਸ਼ਨ ਹੋਏ ਪੁਰੋਹਿਤ, 2008 ਦੇ ਮਾਲੇਗਾਓਂ ਧਮਾਕੇ ਦੇ ਦੋਸ਼ ਤਹਿਤ ਨੌਂ ਸਾਲ ਜੇਲ੍ਹ 'ਚ ਰਹੇ। ਸਬੂਤਾਂ ਦੀ ਘਾਟ ਕਾਰਨ, ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ। ਫ਼ੌਜੀ ਟ੍ਰਿਬਿਊਨਲ ਨੇ ਉਨ੍ਹਾਂ ਦੀ ਸੇਵਾ ਮੁਕਤੀ ਰੋਕ ਕੇ, ਤਰੱਕੀ ਦਾ ਰਾਹ ਮੋਕਲਾ ਕਰ ਦਿੱਤਾ। ਇਹ ਹੈ ਵਿਤਕਰਾ ਜੋ ਸਾਡੇ ਦੇਸ਼ ਵਿਚ ਚਿੱਟੇ ਦਿਨ ਕੀਤਾ ਜਾ ਕਰਵਾਇਆ ਜਾ ਰਿਹਾ ਹੈ, ਉਸ ਕੌਮ ਨਾਲ ਜਿਸ ਨੇ ਇਸ ਦੇਸ਼ ਦੀ ਆਜ਼ਾਦੀ ਖ਼ਾਤਿਰ ਆਪਣਾ ਸਭੋ ਕੁਝ ਕੁਰਬਾਨ ਕਰ ਦਿੱਤਾ, ਵਾਰ ਦਿੱਤਾ, ਲੁਟਾ ਦਿੱਤਾ, ਜਵਾਨੀਆਂ ਨਿਛਾਵਰ ਕਰ ਦਿੱਤੀਆਂ, ਬਜ਼ੁਰਗੀ ਰੁਲਵਾ ਲਈ ਤੇ ਘਰ ਬਾਰ ਤੋਂ ਦੂਰ ਦੇਸ਼ਾਂ-ਪ੍ਰਦੇਸ਼ਾਂ ਵਿਚ ਮੁਸੀਬਤਾਂ ਝਾਗੀਆਂ। ਕਰਨਲ (ਹੁਣ ਬ੍ਰਿਗੇਡੀਅਰ ਬਣਾ ਦਿੱਤੇ ਗਏ) ਪਰੋਹਿਤ, ਓਸ ਮਾਲੇਗਾਓਂ ਬੰਬ ਧਮਾਕੇ ਕਾਰਨ ਜੇਲ੍ਹ 'ਚ ਬੰਦ ਰਹੇ, ਜਿਸ ਵਿਚ ਕਈ ਜਾਨਾਂ ਅਜਾਈਂ ਚਲੇ ਗਈਆਂ ਸਨ, ਸਾਧਵੀ ਪਰੱਗਿਆ ਵੀ ਉਨ੍ਹਾਂ ਦੇ ਨਾਲ ਹੀ ਜੇਲ੍ਹ ਗਈ ਸੀ ਪਰੰਤੂ ਇੱਕ ਸੀਮਤ ਸਮੇਂ ਵਿਚ ਹੀ ਉਹ ਬਰੀ ਕਰ ਦਿੱਤੇ ਗਏ ਤੇ ਇੱਧਰ ਸਿੱਖ ਬੰਦੀਆਂ 'ਤੇ ਵਧੀਕੀਆਂ ਦਾ ਸਿਲਸਿਲਾ 1995 ਤੋਂ ਨਿਰੰਤਰ ਜਾਰੀ ਹੈ, ਜਿੱਥੇ ਦੋਸ਼ੀ ਪੂਰੀ ਇਕ ਪੀੜ੍ਹੀ ਅਰਥਾਤ 25000 ਨੌਜਵਾਨਾਂ ਨੂੰ ਮਾਰ ਮੁਕਾ ਕੇ ਤੇ 'ਅਣਪਛਾਤੀਆਂ ਲਾਸ਼ਾਂ' ਗਰਦਾਨ ਕੇ ਦਨਦਨਾਉਂਦੇ ਫਿਰਦੇ ਰਹੇ। 1984 ਦਾ ਹਿਰਦੇਵੇਧਕ ਖ਼ੂਨੀ ਸਾਕਾ ਤੇ ਨਸਲਕੁਸ਼ੀ, ਓਸ ਸਿੱਖ ਕੌਮ ਨੂੰ ਚੰਗੀ ਤਰ੍ਹਾਂ ਅਹਿਸਾਸ ਕਰਾ ਦਿੱਤਾ ਗਿਆ ਕਿ ਜਿਸ ਦੇਸ਼ ਲਈ ਤੁਸੀਂ ਆਪਾ ਲੁਟਾਇਆ ਸੀ, ਓਹ ਦੇਸ਼ ਤੁਹਾਡੇ ਲਈ ਬੇਗਾਨਾ ਕਰ ਦਿੱਤਾ ਗਿਆ ਹੈ। ਇਕ ਦਹਾਕਾ, ਜਿੱਥੇ ਸਿੱਖ ਨੌਜਵਾਨੀ ਦਾ ਸ਼ਰੇਆਮ ਘਾਣ ਕੀਤਾ ਗਿਆ, ਕੁਝ ਵਿਦੇਸ਼ਾਂ 'ਚ ਜਾ ਟਿਕਣ ਲਈ ਮਜਬੂਰ ਕਰ ਦਿੱਤੇ ਗਏ ਤੇ ਕੁਝ ਹਥਿਆਰ ਚੁੱਕਣ ਲਈ ਬੇਵਸ ਕਰ ਦਿੱਤੇ ਗਏ। ਅਜਿਹੇ ਵਿਚ ਗ਼ੈਰਤਮੰਦ, ਇਨਸਾਫ਼ਪਸੰਦ ਅਤੇ ਅਣਖੀਲੀ ਨੌਜਵਾਨੀ ਦਾ ਖ਼ੂਨ ਉਬਲਣਾ ਵਾਜਿਬ ਸੀ, ਪਰ ਇਨ੍ਹਾਂ ਨੂੰ ਦਿੱਤੀ ਜਾ ਰਹੀ ਸਜ਼ਾ ਮਾਲੇਗਾਓਂ, ਬਿਲਕੀਸ ਬਾਨੋ ਅਤੇ ਰਾਜੀਵ ਗਾਂਧੀ ਦੇ ਦੋਸ਼ੀਆਂ ਨਾਲੋਂ ਅਸਲੋਂ ਅਲੱਗ ਅਤੇ ਅਮਾਨਵੀ ਹੈ, ਪੱਖਪਾਤੀ ਹੈ ਤੇ ਇਨਸਾਨੀ ਹੱਕਾਂ 'ਤੇ ਡਾਕਾ ਵੀ।

ਸ੍ਰ.ਬਲਵੰਤ ਸਿੰਘ ਰਾਜੋਆਣਾ ਜੋ ਬੀਤੇ 31 ਸਾਲਾਂ ਤੋਂ ਜੇਲ੍ਹ 'ਚ ਬੰਦ ਹੈ, ਮੁਆਫ਼ੀ ਨਹੀਂ ਸਜ਼ਾ ਦੀ ਮੰਗ ਭਾਵ ਫਾਂਸੀ ਦੀ ਮੰਗ ਕਰ ਰਿਹਾ ਹੈ। 13 ਸਾਲਾਂ ਤੋਂ ਫਾਂਸੀ ਦੀ ਚੱਕੀ ਵਿਚ ਬੰਦ ਰਾਜੋਆਣਾ, ਉਨ੍ਹਾਂ ਪੁਰਾਤਨ ਸਿੰਘਾਂ ਦੀ ਯਾਦ ਤਾਜ਼ਾ ਕਰ ਰਿਹਾ ਹੈ ਜੋ ਦੇਸ਼, ਕੌਮ, ਪੰਥ, ਧਰਮ ਅਤੇ ਇਨਸਾਫ਼ ਦੀ ਖ਼ਾਤਰ ਮਰ ਗਏ, ਮਿਟ ਗਏ ਪਰ ਝੁਕੇ ਨਹੀਂ। ਇਨ੍ਹਾਂ ਵੱਲੋਂ, ਵਕਤ ਦੇ ਜ਼ਾਲਮਾਂ ਨੂੰ ਮਾਰ ਮੁਕਾਉਣਾ ਜੇ ਗ਼ਲਤ ਸੀ ਤਾਂ ਕੀ ਸ੍ਰ.ਜਸਵੰਤ ਸਿੰਘ ਖਾਲੜਾ ਵਲੋਂ ਪਛਾਣੀਆਂ ਗਈਆਂ 25000 'ਅਣਪਛਾਤੀਆਂ ਲਾਸ਼ਾਂ' ਦੇ ਢੇਰ ਲਾ ਦੇਣ ਵਾਲੇ ਇਨ੍ਹਾਂ ਨਾਲੋਂ ਸਹੀ ਸਨ? ਇਨਸਾਫ਼ ਕਰ ਰਹੇ ਸਨ? ਉਦੋਂ ਕੀ, ਅੱਜ ਵੀ ਜੇਕਰ ਦਿਲਜੀਤ ਦੁਸਾਂਝ ਨੇ ਫ਼ਿਲਮ (95) ਰਾਹੀਂ ਸੱਚ ਉਜਾਗਰ ਕਰਨਾ ਚਾਹਿਆ ਤਾਂ ਸੈਂਸਰ ਬੋਰਡ ਨੇ ਇਜਾਜ਼ਤ ਹੀ ਨਹੀਂ ਦਿੱਤੀ। ਸਾਢੇ ਪੰਜ ਸੌ ਸਾਲਾਂ ਤੋਂ, ਇਸ ਦੇਸ਼ ਦੀ ਤਕਦੀਰ, ਤਸਵੀਰ ਤੇ ਤਦਬੀਰ ਬਦਲਣ ਵਾਲੀ ਸਿੱਖ ਕੌਮ, ਆਪਣੇ ਜਨਮ ਤੋਂ ਹੀ ਹਾਕਮਾਂ ਦੀਆਂ ਵਧੀਕੀਆਂ, ਤਸ਼ੱਦਦ ਅਤੇ ਕਿਰਦਾਰਕੁਸ਼ੀ ਦਾ ਸਾਹਮਣਾ ਕਰਦੀ ਆ ਰਹੀ ਹੈ ਤੇ ਅੱਜ ਵੀ ਕਰਨ ਲਈ ਮਜਬੂਰ ਹੈ।

ਗਾਂਧੀ ਨੂੰ ਮਹਾਤਮਾ ਤੇ ਬਾਪੂ ਦੇ ਰੂਪ ਵਿਚ ਮਾਨਤਾ ਤੇ ਚੌਧਰ ਦੇ ਕੇ, ਕੀ ਸਾਡੇ ਸ੍ਰ.ਕਰਤਾਰ ਸਿੰਘ ਸਰਾਭਾ ਦਾ ਅਪਮਾਨ ਨਹੀਂ ਸੀ ਕੀਤਾ ਗਿਆ, ਜਿਹੜਾ ਮਹਿਜ਼ 19 ਸਾਲ ਦੀ ਚੜ੍ਹਦੀ ਜਵਾਨੀ ਵੇਲੇ, 16 ਨਵੰਬਰ 1915 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਖੇ ਫਾਂਸੀ ਦੇ ਰੱਸੇ ਚੁੰਮ ਗਿਆ ਸੀ। ਦੇਸ਼ ਵਾਸੀਓ, ਦੇਸ਼ ਦੀ ਅਜ਼ਾਦੀ ਦੀ ਲੜਾਈ ਵਿਚ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਸੀ ਸਰਾਭਾ, ਜਦੋਂ ਅਜੇ 'ਬਾਪੂ' ਦੱਖਣੀ ਅਫਰੀਕਾ ਤੋਂ ਮਹਿਜ਼ ਵਾਪਸ ਹੀ ਮੁੜਿਆ ਸੀ। ਸ਼ਹੀਦ ਭਗਤ ਸਿੰਘ ਦਾ ਸਲਾਹਕਾਰ ਸੀ ਸਰਾਭਾ। ਗਾਂਧੀ ਦੀ ਵਤਨ-ਵਾਪਸੀ 9 ਜਨਵਰੀ 1915 ਨੂੰ ਹੋਈ ਸੀ, ਜਿਸਨੂੰ ਅੱਜ ਤੱਕ 'ਪ੍ਰਵਾਸੀ ਭਾਰਤੀ ਦਿਹਾੜੇ' ਵਜੋਂ ਮਾਨਤਾ ਹੀ ਪ੍ਰਾਪਤ ਨਹੀਂ, ਬਕਾਇਦਾ ਮਨਾਇਆ ਜਾਂਦਾ ਹੈ ਇਹ ਹੁਣ ਵੀ ਜਿਹੜੇ ਗ਼ਦਰ ਪਾਰਟੀ 'ਚ ਰਹਿ ਕੇ ਲੱਖ-ਲੱਖ ਮੁਸੀਬਤਾਂ ਸਹਿੰਦੇ ਸ਼ਹੀਦੀਆਂ ਪਾ ਗਏ, ਉਨ੍ਹਾਂ ਦੀ ਆਲ ਔਲਾਦ ਨੂੰ 'ਗੱਦਾਰ' ਕਹਿਣ ਦੀ ਹਿਮਾਕਤ ਕੀਤੀ ਜਾ ਰਹੀ ਹੈ। 23 ਸਾਲ ਦਾ ਭਗਤ ਸਿੰਘ, 23 ਸਾਲਾਂ ਦਾ ਹੀ ਸੁਖਦੇਵ ਅਤੇ 22 ਸਾਲ ਦੇ ਰਾਜਗੁਰੂ ਨੇ ਇਕੱਠਿਆਂ ਹੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ ਦੇ ਝੰਡੇ ਹੇਠ ਜੱਦੋ-ਜਹਿਦ ਕਰਦਿਆਂ ਹੱਸ-ਹੱਸ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ। ਇੰਜ ਹੀ 13 ਅਪ੍ਰੈਲ 1919 ਨੂੰ ਰੌਲਟ ਐਕਟ (ਸਰਕਾਰੀ ਵਧੀਕੀਆਂ) ਦਾ ਵਿਰੋਧ ਕਰਨ ਲਈ ਇਕੱਠੇ ਹੋਏ ਹਜ਼ਾਰਾਂ ਨਿਰਦੋਸ਼ ਦੇਸ਼ ਵਾਸੀਆਂ ਨੂੰ ਅਚਨਚੇਤ ਗੋਲੀਆਂ ਨਾਲ ਭੁੰਨ ਦੇਣ ਵਾਲੇ ਜਨਰਲ ਓਡਵਾਇਰ ਨੂੰ ਮਾਰ ਮੁਕਾਉਣ ਲਈ ਸ਼ਹੀਦ ਊਧਮ ਸਿੰਘ ਨੇ ਪੂਰੇ 21 ਸਾਲ ਇੰਤਜ਼ਾਰ ਹੀ ਨਹੀਂ ਪੂਰੀ ਤਿਆਰੀ ਵੀ ਕੀਤੀ। ਭੇਸ ਬਦਲਿਆ, ਕਾਰਜਸ਼ੈਲੀ ਬਦਲੀ ਤਾਂ ਜਾ ਕੇ ਕੈਕਸਟਨ ਹਾਲ (ਲੰਡਨ) ਦੀ ਸਟੇਜ 'ਤੇ, ਭਰੀ ਮਹਿਫਲ ਵਿਚ ਉਸ ਨੂੰ ਗੋਲੀਆਂ ਨਾਲ ਭੁੰਨਿਆ ਤੇ ਗੱਜ ਕੇ ਪੁਕਾਰਿਆ :-

ਮੈਨੂੰ ਫੜ ਲਓ ਲੰਡਨ ਵਾਸੀਓ
ਮੈਂ ਖੜ੍ਹਾਂ ਪੁਕਾਰਾਂ।
ਮੈਂ ਕਾਤਲ ਓਡਵਾਇਰ ਦਾ
ਮੈਂ ਗੋਲੀ ਮਾਰੀ।......।

ਆਪਣੀਆਂ ਅਨੇਕ ਯੂ.ਕੇ. ਦੀਆਂ ਫੇਰੀਆਂ ਦੌਰਾਨ ਮੈਂ ਖ਼ੁਦ ਇਸ ਕੈਕਸਟਨ ਹਾਲ ਨੂੰ ਧੁਰ ਅੰਦਰ ਸਟੇਜ ਤੱਕ ਪਹੁੰਚ ਕੇ ਦੇਖਿਆ ਹੈ ਜੋ ਅਕਸਰ ਬਾਹਰਲਿਆਂ ਤੇ ਸੈਲਾਨੀਆਂ ਲਈ ਗੁਪਤ ਰੱਖਣ ਦਾ ਜਤਨ ਕੀਤਾ ਜਾਂਦਾ ਹੈ। ਹਰ ਵੇਲੇ, ਹਾਲ ਦੇ ਬਾਹਰ ਤਾਲਾ ਜੜਿਆ ਹੁੰਦੈ। ਖ਼ੈਰ! ਅੱਗੇ ਚਲਦੇ ਹਾਂ।

ਉਪਰੋਕਤ ਪੰਜ ਦੇਸ਼ ਭਗਤ ਨੌਜਵਾਨਾਂ ਦੀਆਂ ਲਾਮਿਸਾਲ ਕੁਰਬਾਨੀਆਂ ਦਾ ਜ਼ਿਕਰ ਇਸ ਕਰਕੇ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਜ਼ਾਲਮਾਂ ਨੂੰ ਵੰਗਾਰਿਆ, ਲੋੜ ਪੈਣ 'ਤੇ ਆਪਾ ਵਾਰਿਆ ਅਤੇ ਵਕਤ ਵਕਤ ਦੀਆਂ ਸਰਕਾਰਾਂ ਨਾਲ ਸਿੱਧੀ ਜਾਂ ਲੁਕਵੀਂ ਟੱਕਰ ਲਈ। ਗੁਰੂ ਪਾਤਿਸ਼ਾਹੀਆਂ ਦੀ ਪ੍ਰੇਰਣਾ, ਅਗਵਾਈ ਅਤੇ ਸੇਧ ਸਦਕੇ ਅੱਜ ਤੱਕ ਲੱਖਾਂ ਸ਼ਹੀਦੀਆਂ ਹੋ ਚੁੱਕੀਆਂ ਹਨ। ਸਾਹਿਬਜ਼ਾਦਿਆਂ, ਚਾਲੀ ਸਿੰਘਾਂ ਅਤੇ ਬੰਦਾ ਸਿੰਘ ਬਹਾਦਰ ਵੇਲੇ ਅਣਗਿਣਤ ਸਿੰਘ ਸਿੰਘਣੀਆਂ ਨੇ ਆਪਾ ਕੁਰਬਾਨ ਕੀਤਾ ਤੇ ਅਕਹਿ ਤੇ ਅਸਹਿ ਕਸ਼ਟ ਵੀ ਸਹਾਰੇ ਪਰ ਮਨਸ਼ਾ ਸਭ ਦੀ ਮਨੁੱਖਤਾ ਨੂੰ ਬਚਾਉਣ, ਧਰਮ ਕਮਾਉਣ, ਉਚੇਰੀਆਂ ਕਦਰਾਂ, ਕੀਮਤਾਂ ਦੀ ਕਾਇਮੀ ਅਤੇ ਮਾਨਵਤਾ ਦਾ ਉਧਾਰ ਅਤੇ ਸੁਧਾਰ ਹੀ ਸੀ। ਸਾਡੇ ਬੰਦੀ ਸਿੰਘਾਂ ਨੂੰ ਵੀ ਪ੍ਰੇਰਣਾ ਆਪਣੇ ਜੰਗਜੂ ਇਤਿਹਾਸ ਤੋਂ ਹੀ ਮਿਲੀ ਹੈ। ਪੂਰੀਆਂ ਦੀਆਂ ਪੂਰੀਆਂ ਉਮਰਾਂ ਜੇਲ੍ਹਾਂ ਦੀਆਂ ਸਾਹ ਘੋਟੂ ਕੋਠੜੀਆਂ ਵਿਚ ਗਾਲਣੀਆਂ ਕਿੰਨੀਆਂ ਕੁ ਆਸਾਨ ਹਨ? ਕੋਈ ਪੁੱਛੇ ਰਾਜੋਆਣਾ ਨੂੰ ਜਾ ਕੇ। ਜਾ ਕੇ ਪੁੱਛੋ ਪ੍ਰੋ.ਭੁੱਲਰ ਤੇ ਹਵਾਰੇ ਨੂੰ। ਬੀਮਾਰ ਪਈ ਬੁੱਢੀ ਮਾਂ ਨੂੰ ਮਿਲਣ ਤੱਕ ਦੀ ਤਾਂ ਇਜਾਜ਼ਤ ਨਹੀਂ ਇਨ੍ਹਾਂ ਯੋਧਿਆਂ ਨੂੰ ਜਿਨ੍ਹਾਂ ਦੀ ਅਣਖ, ਸਵੈਮਾਨ ਤੇ ਗ਼ੈਰਤ ਨੇ ਆਪਣੇ ਸਾਥੀਆਂ 'ਤੇ ਹੁੰਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਉਕਸਾਇਆ ਸੀ। ਹਰਿਆਣੇ ਦੀ 'ਸਮਰੱਥ ਅਥਾਰਿਟੀ' ਨਿੱਤ ਦਿਹਾੜੇ ਇੱਕ ਵਿਭਚਾਰੀ, ਦੁਰਾਚਾਰੀ, ਕਾਤਲ, ਬਹੁਰੂਪੀਏ ਤੇ ਧੋਖੇਬਾਜ਼ ਸਾਧ ਨੂੰ ਚੰਗੇ ਆਚਰਣ ਦਾ ਸਰਟੀਫਿਕੇਟ ਦੇ ਕੇ, 40-40 ਦਿਨ, ਫਾਰਮ ਹਾਊਸਾਂ 'ਚ ਮੌਜ-ਮਸਤੀ ਕਰਨ ਦੀ ਛੋਟ ਦੇ ਰਹੀ ਹੈ, ਸਾਲਾਂ ਤੋਂ ਦਿੰਦੀ ਆ ਰਹੀ ਹੈ ਪਰੰਤੂ ਸਾਡੇ ਬੰਦੀ ਸਿੱਖਾਂ ਪ੍ਰਤਿ ਇਨ੍ਹਾਂ ਦਾ ਜ਼ਾਲਮਾਨਾ, ਮਨਮਾਨਾ, ਪੱਖਪਾਤੀ ਤੇ ਕਰੂਰ ਰਵੱਈਆ ਕਰੋੜਾਂ ਇਨਸਾਫ ਪਸੰਦ ਸਿੱਖਾਂ ਦੀ ਰੂਹ ਕੁਚਲ ਦੇਣ ਵਾਲਾ ਹੈ। ਸਾਲਾਂ ਤੋਂ ਚੱਲ ਰਿਹਾ ਕੌਮੀ ਇਨਸਾਫ਼ ਮੋਰਚਾ, ਸਭ ਦੀ ਭਰਵੀਂ ਸ਼ਮੂਲੀਅਤ ਤੋਂ ਸੱਖਣਾ ਹੋਣ ਕਰਕੇ, ਪ੍ਰਾਪਤੀ ਕਰ ਸਕਣ ਤੋਂ ਵਿਰਵਾ ਚੱਲਿਆ ਆ ਰਿਹਾ ਹੈ। ਸਮਾਣੇ ਦੇ ਧਰਮ ਯੁੱਧ ਮੋਰਚੇ ਤੋਂ ਸਾਨੂੰ ਸਬਕ ਲੈਣ ਦੀ ਲੋੜ ਹੈ ਕਿ ਇਕ ਇਕੱਲਾ ਤੇ ਦੋ ਰਲ ਕੇ ਗਿਆਰਾਂ ਬਣ ਜਾਂਦੇ ਹਨ। ਸਾਡੇ ਲਈ ਇਨਸਾਫ਼ ਲੈਣਾ ਇੱਥੇ ਸੌਖਾ ਨਹੀਂ ਰਿਹਾ, ਹੁਣ।

ਸਾਡੇ ਇਕ ਸੰਤ ਸਿਪਾਹੀ ਨੇ ਬਿਲਕੁਲ ਵਜ੍ਹਾ ਕਿਹਾ ਸੀ ਕਿ ਜ਼ਮੀਰ ਦਾ ਮਰ ਜਾਣਾ ਹੀ ਅਸਲ ਮੌਤ ਹੈ। ਨਿਰਸੰਦੇਹ, ਅੱਜ ਬਹੁਗਿਣਤੀ ਲੋਕਾਂ (ਤੇ ਸਿੱਖਾਂ) ਦੀ ਜ਼ਮੀਰ ਮਰ ਚੁੱਕੀ ਹੈ, ਵਧੇਰੇ ਤਾਂ ਲਾਸ਼ਾਂ ਢੋਈ ਫਿਰਦੇ ਹਨ। ਇੱਥੇ ਬੰਦੀ ਸਿੱਖਾਂ ਦੀ ਗੱਲ ਕਰਦਿਆਂ, ਮੈਨੂੰ ਗੁਰੂਦੇਵ ਟੈਗੋਰ ਦੇ ਕੁਝ ਕਥਨ ਯਾਦ ਆ ਰਹੇ ਹਨ ਜਿਹੜੇ ਜਲ੍ਹਿਆਂਵਾਲੇ ਬਾਗ਼ ਦੇ ਕਤਲ ਕਾਂਡ ਮੌਕੇ ਉਨ੍ਹਾਂ ਨੇ ਗਾਂਧੀ ਨਾਲ ਸਾਂਝੇ ਕੀਤੇ ਸਨ। ਇਸ ਅਦੁੱਤੀ ਸ਼ਖ਼ਸੀਅਤ ਦਾ ਅਦਬ ਕਰਦਿਆਂ, ਗਾਂਧੀ ਉਨ੍ਹਾਂ ਤੋਂ ਅਕਸਰ ਕੌਮੀ ਸੰਕਟਾਂ ਸਮੇਂ ਅਗਵਾਈ ਲੈਂਦੇ ਸਨ। ਇਸ ਅਣਮਨੁੱਖੀ ਕਹਿਰ ਤੋਂ ਪਹਿਲਾਂ ਵੀ, ਇਨ੍ਹਾਂ ਦੀ ਲਿਖਾ ਪੜ੍ਹੀ ਚੱਲ ਰਹੀ ਸੀ। ਸਖ਼ਤ ਬੀਮਾਰੀ ਦੀ ਹਾਲਤ ਵਿਚ ਵੀ, ਟੈਗੋਰ ਦਾ ਪ੍ਰਤਿਕਰਮ ਸੀ 'ਇਸ ਕਤਲੇਆਮ ਦੀ ਕੋਈ ਵੀ ਰਾਜਨੀਤਕ ਤੇ ਨੈਤਿਕ ਉਚਿਤਤਾ ਨਾ ਤਾਂ ਹੈ ਤੇ ਨਾ ਹੀ ਦੱਸੀ ਜਾ ਸਕਦੀ ਹੈ। ਪੰਜਾਬ ਵਿਚ, ਸਾਡੇ ਵੀਰਾਂ ਤੇ ਭੈਣਾਂ 'ਤੇ ਹੋਏ ਜ਼ੁਲਮਾਂ ਦੀਆਂ ਜੋ ਖ਼ਬਰਾਂ, ਹਰ ਸੈਂਸਰ ਦੇ ਬਾਵਜੂਦ, ਸਾਰੇ ਭਾਰਤ ਵਿਚ ਪੁੱਜ ਰਹੀਆਂ ਹਨ, ਇਸ ਨਾਲ ਦੇਸ਼ ਦੀ ਜਨਤਾ ਦੇ ਮਨ ਵਲੂੰਧਰੇ ਗਏ ਹਨ। ਐਂਗਲੋ ਇੰਡੀਅਨ ਅਖ਼ਬਾਰਾਂ ਵਿਚ ਸਾਡੇ ਦੁੱਖ ਦਾ ਮਜ਼ਾਕ ਬਣਾਇਆ ਗਿਆ। .....ਇਨ੍ਹਾਂ ਹਾਲਾਤਾਂ ਵਿਚ, ਮੈਂ ਆਪਣੇ ਲੋਕਾਂ ਨੂੰ ਆਵਾਜ਼ ਦੇਣ ਲਈ ਤਿਆਰ ਹਾਂ। ਡਰ ਤੇ ਪੀੜ ਨਾਲ ਸੁੰਨ ਹੋਏ, ਆਪਣੇ ਲੱਖਾਂ ਦੇਸ਼ਵਾਸੀਆਂ ਦੇ ਨਾਲ ਖੜ੍ਹਾ ਹਾਂ। ਮੇਰੇ ਸਨਮਾਨ ਤੇ ਮੈਡਲ ਨਮੋਸ਼ੀ ਤੇ ਅਪਮਾਨ ਦਾ ਚਿੰਨ ਬਣ ਗਏ ਹਨ, ਜਿਨ੍ਹਾਂ ਤੋਂ ਮੈਂ ਮੁਕਤ ਹੋਣਾ ਚਾਹੁੰਦਾ ਹਾਂ।' ਇੰਞ, ਟੈਗੋਰ ਨੇ 1913 ਵਿਚ ਮਿਲੇ ਨੋਬਲ ਪੁਰਸਕਾਰ (ਪਹਿਲਾ ਦੇਸ਼ ਭਰ ਵਿਚ) ਤੇ 1915 ਵਿਚ ਜੌਰਜ ਪੰਚਮ ਵਲੋਂ ਮਿਲੀ ਨਾਈਟਹੁਡ ਪਦਵੀ ਨੂੰ ਵਾਪਸ ਕਰਕੇ, ਜਲ੍ਹਿਆਂਵਾਲੇ ਕਾਂਡ ਵਿਰੁੱਧ ਆਪਣਾ ਪੱਖ ਰੱਖਿਆ। ਟੈਗੋਰ ਪੰਜਾਬੀ ਲੋਕਾਂ ਦੇ ਬੇਹੱਦ ਕਦਰਦਾਨ ਸਨ ਕਿਉਂਕਿ ਗੁਰੂ ਸਾਹਿਬਾਨ ਦੀ ਬਾਣੀ, ਸਿੱਖਿਆ ਅਤੇ ਅਮਲਨਯੋਗ ਸੇਧ ਨੇ ਹਿੰਦੁਸਤਾਨ ਦਾ ਨਕਸ਼ਾ ਤੇ ਤਰਜੇ-ਜੀਵਨ ਹੀ ਬਦਲ ਦਿੱਤਾ ਸੀ ਤੇ ਪੰਜਾਬ ਜ਼ੁਲਮ, ਵਧੀਕੀ ਅਤੇ ਮਨਮਾਨੀ ਦੇ ਵਿਰੁੱਧ ਡੱਟ ਗਿਆ ਸੀ। ਕੌਮੀ ਤਰਾਨੇ ਵਿਚ ਇਸੇ ਲਈ ਪੰਜਾਬ ਨੂੰ ਪਹਿਲਾ ਸਥਾਨ ਦੇਣ ਵਾਲੇ ਟੈਗੋਰ, ਇਸ ਧਰਤੀ ਦੀ ਜਾਂਬਾਜ਼ੀ, ਸਿਰਲੱਥਤਾ ਤੇ ਬੇਸ਼ਕੀਮਤੀ ਦੇਣ ਦੇ ਕਾਇਲ ਸਨ ਤੇ ਕਦਰਦਾਨ ਵੀ। ਜੇ ਸਾਡੇ ਬੰਦੀ ਸਿੰਘਾਂ ਨੇ ਆਪਣੀਆਂ ਪਰੰਪਰਾਵਾਂ, ਵਿਰਾਸਤ ਅਤੇ ਮਾਨਵੀ ਕਦਰਾਂ ਕੀਮਤਾਂ ਦੀ ਰਾਖੀ ਲਈ ਜ਼ੁਲਮ ਢਾਹੁਣ ਵਾਲਿਆਂ ਦਾ ਸਫ਼ਾਇਆ ਕੀਤਾ ਸੀ ਤਾਂ ਉਹ ਮੁਆਫ਼ੀ ਨਹੀਂ, ਮੌਤ ਮੰਗਦੇ ਹਨ। ਮਰਨਾ ਲੋਚਦੇ ਹਨ ਜਦੋਂ ਕਿ ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗਦਿਆਂ, ਸਰਕਾਰਾਂ ਤੇਰਾਂ ਤੇਰਾਂ ਸਾਲਾਂ ਤੋਂ ਰਾਜੋਆਣਾ ਨੂੰ ਫਾਂਸੀ ਦੀ ਚੱਕੀ ਵਿਚ ਬੰਦ ਕਰੀ ਬੈਠੀਆਂ ਹਨ। ਮੌਤ ਦੀ ਸਜ਼ਾ ਤੋਂ ਉਮਰ ਕੈਦ 'ਚ ਤਬਦੀਲੀ ਦਾ ਪੱਤਰ ਸ਼੍ਰੋਮਣੀ ਕਮੇਟੀ ਵਲੋਂ ਪਾਇਆ ਗਿਆ ਸੀ ਤੇ ਉਹ ਵੀ ਪੰਥਕ ਸਰਕਾਰ ਵੇਲੇ ਜਿਸ ਦੀ ਦਿੱਲੀ ਵਿਚ ਵੀ ਭਾਈਵਾਲੀ ਸੀ 2013 ਵਿਚ। ਸੁਪਰੀਮ ਕੋਰਟ ਵਲੋਂ ਵਾਰ-ਵਾਰ ਭਾਰਤ ਸਰਕਾਰ ਦੇ ਪਾਲੇ ਵਿਚ ਗੇਂਦ ਸੁੱਟਣ ਦੇ ਬਾਵਜੂਦ, ਕੋਈ ਜਵਾਬ ਨਹੀਂ, ਕੋਈ ਕਾਰਵਾਈ ਨਹੀਂ। ਪੰਥਕ ਜਥੇਬੰਦੀਆਂ, ਸ਼੍ਰੋਮਣੀ ਕਮੇਟੀ, ਜਥੇਦਾਰ ਤੇ ਅਕਾਲੀ ਦਲ ਕਿੱਥੇ ਖੜ੍ਹਾ ਹੈ ਇਸ ਮੁੱਦੇ 'ਤੇ? ਕੀ ਸਾਡੀ ਬੇਇਤਫ਼ਾਕੀ, ਆਪਸੀ ਫੁੱਟ, ਦਲ ਬਦਲੀ, ਸਵਾਰਥ ਤੇ ਅਣਗੌਲਣਾ ਅਜਿਹੇ ਪੰਥਕ ਮਸਲਿਆਂ ਨੂੰ ਦਰਕਿਨਾਰ ਨਹੀਂ ਕਰ ਰਹੀ?

# ਧੜੇਬੰਦੀਆਂ ਦਾ ਸ਼ਿਕਾਰ ਹੋਈ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ



ਬਘੇਲ ਸਿੰਘ ਧਾਲੀਵਾਲ
99142-58142

ਹਰਿਆਣਾ ਵਿੱਚ ਨਵੀਂ ਹੋਂਦ ਵਿੱਚ ਆਈ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਆਪਣੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਚਰਚਾਵਾਂ ਵਿੱਚ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੇ-ਰੁਖੀ, ਅਣ-ਦੇਖੀ ਅਤੇ ਵਿਤਕਰੇ ਦੇ ਸ਼ਿਕਾਰ ਹੋਏ ਹਰਿਆਣੇ ਦੇ ਸਿੱਖਾਂ ਨੇ ਆਪਣੀ ਵੱਖਰੀ ਕਮੇਟੀ ਬਣਾ ਤਾਂ ਜ਼ਰੂਰ ਲਈ, ਪਰ ਆਪਸੀ ਪਾਟੋਧਾੜ ਅਤੇ ਕਾਟੋ ਕਲੇਸ਼ ਦੇ ਸਿਖ਼ਰ 'ਤੇ ਪਹੁੰਚੇ ਹੋਣ ਕਾਰਨ ਹਰਿਆਣੇ ਦੇ ਸਿੱਖ ਆਗੂ ਸਰਕਾਰ ਤੋਂ ਕਮੇਟੀ ਦਾ ਸਹੀ ਵਿਧੀ ਵਿਧਾਨ ਬਣਾਉਣ ਵਿੱਚ ਸਫਲ ਨਾ ਹੋ ਸਕੇ। ਕਨੂੰਨੀ ਪੱਖ ਤੋਂ ਕਮੇਟੀ ਦੀ ਖੁਦ-ਮੁਖਤਿਆਰੀ ਨੂੰ ਲੈ ਕੇ ਜਿਹੜੀ ਤਸਵੀਰ ਸਾਹਮਣੇ ਆ ਰਹੀ ਹੈ, ਉਹ ਮਹਿਜ਼ ਪ੍ਰਸ਼ਾਸਕੀ ਗਲਤੀ ਦੀ ਨਹੀਂ ਹੈ, ਸਗੋਂ ਉਹ ਸਿੱਖ ਕੌਮ ਦੇ ਧਾਰਮਿਕ ਅਧਿਕਾਰਾਂ ਨੂੰ ਸੀਮਤ ਕਰਨ ਵਾਲੀ ਇੱਕ ਗੰਭੀਰ ਸਾਜ਼ਿਸ਼ ਜਾਪਦੀ ਹੈ। ਉਂਜ ਭਾਵੇਂ ਇਹ ਕਮੇਟੀ ਸਿੱਖਾਂ ਦੀ ਖੁਦਮੁਖਤਿਆਰ ਧਾਰਮਿਕ ਸੰਸਥਾ ਵਜੋਂ ਪੇਸ਼ ਕੀਤੀ ਜਾਂਦੀ ਹੈ, ਪਰ ਅੰਦਰੋਂ ਇਸਦਾ ਢਾਂਚਾ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਸਦੀ ਅਸਲ ਫੈਸਲਾ ਲੈਣ ਦੀ ਸਮਰੱਥਾ ਲਗਭਗ ਨਾਕਾਰਾ ਕਰ ਦਿੱਤੀ ਗਈ ਹੈ। ਇਹ ਤਕਨੀਕੀ ਖਾਮੀ ਨਹੀਂ, ਬਲਕਿ ਇੱਕ ਸੋਚੀ ਸਮਝੀ ਰਣਨੀਤੀ ਦਾ ਹਿੱਸਾ ਹੋ ਸਕਦੀ ਹੈ। ਸਭ ਤੋਂ ਪਹਿਲਾਂ ਗੱਲ ਉਸ ਵਿਧੀ ਵਿਧਾਨ ਦੀ ਕੀਤੀ ਜਾਣੀ ਬਣਦੀ ਹੈ, ਜਿਸਦੇ ਆਧਾਰ 'ਤੇ ਇਹ ਕਮੇਟੀ ਚੱਲਣੀ ਹੈ। ਕਿਸੇ ਵੀ ਲੋਕਤੰਤਰਿਕ ਸੰਸਥਾ ਵਿੱਚ ਫੈਸਲੇ ਲੈਣ ਲਈ ਆਮ ਤੌਰ 'ਤੇ ਸਧਾਰਣ ਬਹੁਮਤ ਜਾਂ ਵੱਧ ਤੋਂ ਵੱਧ ਇੱਕ ਤਿਹਾਈ ਮੈਂਬਰਾਂ ਦੀ ਹਾਜ਼ਰੀ ਨਾਲ ਕੰਮ ਚੱਲ ਜਾਂਦਾ ਹੈ। ਪਰ ਇੱਥੇ ਜੋ ਪ੍ਰਬੰਧ ਬਣਾਇਆ ਗਿਆ ਹੈ, ਉਹ ਬਿਲਕੁਲ ਉਲਟ ਹੈ। ਦੋ ਤਿਹਾਈ ਮੈਂਬਰਾਂ ਦੀ ਹਾਜ਼ਰੀ ਨੂੰ ਲਾਜ਼ਮੀ ਕਰ ਦੇਣਾ, ਅਸਲ ਵਿੱਚ ਫੈਸਲੇ ਕਰਨ ਦੀ ਪ੍ਰਕਿਰਿਆ ਨੂੰ ਰੋਕਣ ਵਰਗਾ ਵਰਤਾਰਾ ਹੈ। ਇਹ ਕਿਸੇ ਵੀ ਸਿਹਤਮੰਦ ਸੰਸਥਾ ਦੀ ਨਿਸ਼ਾਨੀ ਨਹੀਂ ਹੈ, ਸਗੋਂ ਇਹ ਇੱਕ ਅਜਿਹਾ ਚੱਕਰਵਿਊ ਹੈ, ਜਿਸ ਦੀ ਘੁੰਮਣਘੇਰੀ ਵਿੱਚ ਪ੍ਰਬੰਧਕ ਕਮੇਟੀ ਨੂੰ ਫਸਾ ਕੇ ਰੱਖਿਆ ਗਿਆ ਹੈ। ਮੌਜੂਦਾ ਸਥਿਤੀ ਵੇਖੀ ਜਾਵੇ ਤਾਂ ਕਮੇਟੀ ਵਿੱਚ 49 ਮੈਂਬਰ ਹਨ। ਇੱਕ ਧੜਾ 32 ਮੈਂਬਰਾਂ ਦਾ ਹੈ, ਜਿਹੜਾ ਸਪੱਸ਼ਟ ਤੌਰ 'ਤੇ ਬਹੁਮਤ ਵਿੱਚ ਹੈ। ਦੂਜੇ ਪਾਸੇ 15 ਮੈਂਬਰਾਂ ਦਾ ਇੱਕ ਛੋਟਾ ਧੜਾ ਹੈ ਅਤੇ ਇਸ ਤੋਂ ਇਲਾਵਾ ਦੋ ਅਜ਼ਾਦ ਮੈਂਬਰ ਹਨ, ਜਿਹੜੇ ਦੋਵਾਂ ਵਿੱਚੋਂ ਕਿਸੇ ਵੀ ਧੜੇ ਨਾਲ ਨਾ ਰਲਣ ਦਾ ਫੈਸਲਾ ਕਰਕੇ ਇੱਕ ਤਰ੍ਹਾਂ ਕਮੇਟੀ ਦੇ ਹਿੱਤਾਂ ਦੇ ਖਿਲਾਫ ਹੀ ਭੁਗਤ ਰਹੇ ਹਨ। ਆਮ ਹਾਲਾਤਾਂ ਵਿੱਚ ਲੋਕਤੰਤਰਕ ਨਿਯਮਾਂ ਅਨੁਸਾਰ 32 ਮੈਂਬਰਾਂ ਵਾਲਾ ਧੜਾ ਆਸਾਨੀ ਨਾਲ ਫੈਸਲੇ ਕਰ ਸਕਦਾ ਹੈ,ਪਰ ਦੋ ਤਿਹਾਈ ਦੀ ਸ਼ਰਤ ਨੇ ਇਸ ਬਹੁਮਤ ਨੂੰ ਵੀ ਬੇਅਸਰ ਕਰ ਦਿੱਤਾ ਹੈ। 33 ਮੈਂਬਰਾਂ ਦੀ ਹਾਜ਼ਰੀ ਤੋਂ ਬਿਨਾਂ ਕੋਈ ਵੀ ਮਤਾ ਪਾਸ ਨਹੀਂ ਹੋ ਸਕਦਾ। ਇਸਦਾ ਮਤਲਬ ਇਹ ਹੈ ਕਿ 15, 17 ਮੈਂਬਰਾਂ ਦਾ ਛੋਟਾ ਧੜਾ ਕਮੇਟੀ ਨੂੰ ਨਾਕਾਰਾ ਬਣਾ ਕੇ ਰੱਖ ਸਕਦਾ ਹੈ। ਕੀ ਇਹ ਲੋਕਤੰਤਰਿਕ ਪ੍ਰਕਿਰਿਆ ਦਾ ਨਿਰਾਦਰ ਨਹੀਂ ਕੀਤਾ ਜਾ ਰਿਹਾ ? ਜਾਂ ਫਿਰ ਇਹ ਇੱਕ ਅਜਿਹਾ ਢਾਂਚਾ ਹੈ ਜੋ ਜਾਣ ਬੁੱਝ ਕੇ ਬਣਨ ਤੋਂ ਪਹਿਲਾਂ ਹੀ ਨਕਾਰਾ ਕਰ ਦਿੱਤਾ ਗਿਆ ਹੈ? ਜਦੋਂ ਸਰਕਾਰ ਕਿਸੇ ਧਾਰਮਿਕ ਸੰਸਥਾ ਦਾ ਢਾਂਚਾ ਇਸ ਤਰ੍ਹਾਂ ਤਿਆਰ ਕਰਦੀ ਹੈ ਕਿ ਉਹ ਆਪਣੇ ਆਪ ਫੈਸਲੇ ਹੀ ਨਾ ਕਰ ਸਕੇ, ਤਾਂ ਇਸਨੂੰ ਧਰਮ 'ਚ ਸਿੱਧੀ ਦਖਲਅੰਦਾਜ਼ੀ ਹੀ ਮੰਨਿਆ ਜਾਵੇਗਾ। ਇਹ ਉਹੀ ਸੋਚ ਹੈ ਜੋ ਸਿੱਖਾਂ ਨੂੰ ਅੰਗ ਰਖਿਅਕ ਜਾਂ ਵੱਧ ਤੋ ਵੱਧ ਦੇਸ਼ ਰਖਿਅਕ ਵਜੋਂ ਤਾਂ ਪਸੰਦ ਕਰਦੀ ਹੈ, ਪਰ ਇੱਕ ਵੱਖਰੇ ਧਰਮ ਵਾਲੀ ਖੁਦਮੁਖਤਿਆਰ ਕੌਮ ਵਜੋਂ ਉੱਕਾ ਹੀ ਪਸੰਦ ਨਹੀਂ ਕਰਦੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਨੇ ਆਪਣੇ ਧਾਰਮਿਕ ਮਾਮਲਿਆਂ ਵਿੱਚ ਹਮੇਸ਼ਾ ਖੁਦਮੁਖਤਿਆਰੀ ਲਈ ਸੰਘਰਸ਼ ਕੀਤਾ ਹੈ ਅਤੇ ਆਪਣੇ ਬਲਬੂਤੇ 'ਤੇ ਆਪਣੇ ਗੁਰਧਾਮਾਂ ਨੂੰ ਆਜ਼ਾਦ ਕਰਵਾਇਆ ਹੈ। ਗੁਰਦੁਆਰਾ ਸੁਧਾਰ ਲਹਿਰ ਤੋਂ ਲੈ ਕੇ ਅੱਜ ਤੱਕ, ਸਿੱਖ ਕੌਮ ਨੇ ਇਹ ਸਾਬਤ ਕੀਤਾ ਹੈ ਕਿ ਉਹ ਆਪਣੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਿਸੇ ਵੀ ਬਾਹਰੀ ਦਖਲ ਤੋਂ ਬਿਨਾਂ ਕਰ ਸਕਦੀ ਹੈ। ਪਰ ਇਸ ਦੇ ਬਾਵਜੂਦ ਸਿੱਖ ਵਿਰੋਧੀ ਭਾਰਤੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਕੇ ਪ੍ਰਬੰਧ ਵਿੱਚ ਦਖਲਅੰਦਾਜ਼ੀ ਕਰਦੀਆਂ ਆ ਰਹੀਆਂ ਹਨ। ਹਰਿਆਣਾ ਦੇ ਮਾਮਲੇ ਵਿੱਚ ਸਿੱਖਾਂ ਦੀ ਆਪਣੀ ਅੰਦਰੂਨੀ ਧੜੇਬੰਦੀ ਹੀ ਇਸ ਦਖਲਅੰਦਾਜ਼ੀ ਦਾ ਮੁੱਖ ਕਾਰਨ ਹੈ। ਇਹ ਸੱਚਾਈ ਹੈ ਕਿ ਜਦੋਂ ਕੌਮ ਅੰਦਰੋਂ ਵੰਡੀ ਹੋਈ ਹੋਵੇ, ਤਾਂ ਬਾਹਰੀ ਤਾਕਤਾਂ ਲਈ ਦਖਲ ਦੇਣਾ ਅਸਾਨ ਹੋ ਜਾਂਦਾ ਹੈ। ਹਰਿਆਣਾ ਵਿੱਚ ਵੀ ਕੁੱਝ ਅਜਿਹਾ ਹੀ ਹੋਇਆ ਹੈ। ਜੇਕਰ ਸਿੱਖ ਇੱਕਜੁੱਟ ਹੁੰਦੇ ਤਾਂ ਸ਼ਾਇਦ ਕੋਈ ਵੀ ਸਰਕਾਰ ਇਸ ਤਰ੍ਹਾਂ ਦਾ ਵਿਧੀ ਵਿਧਾਨ ਲਾਗੂ ਕਰਨ ਦੀ ਹਿੰਮਤ ਨਾ ਕਰਦੀ, ਜਾਂ ਫਿਰ ਉਹ ਮਦ ਅਸਰ ਅੰਦਾਜ਼ ਹੀ ਨਾ ਹੋ ਸਕਦੀ, ਪਰ ਅਫਸੋਸ ਦੀ ਗੱਲ ਇਹ ਹੈ ਕਿ ਸਿੱਖ ਰਾਜਨੀਤੀ ਵਿੱਚ ਨਿੱਜੀ ਲਾਭ, ਚੌਧਰ ਅਤੇ ਅਹੁਦੇ ਦੀ ਲਾਲਸਾ ਹਾਵੀ ਹੋ ਚੁੱਕੀ ਹੈ, ਜਿਸ ਦੇ ਫਲ ਸਰੂਪ ਕੌਮ ਦੇ ਵਡੇਰੇ ਹਿਤ ਵੀ ਛੋਟੇ ਮਸਲੇ ਬਣਕੇ ਪਿੱਛੇ ਰਹਿ ਜਾਂਦੇ ਹਨ ਅਤੇ ਵਿਅਕਤੀਗਤ ਸਵਾਰਥ ਮੁੱਖ ਰਹਿ ਜਾਂਦੇ ਹਨ। ਇਹੋ ਕਾਰਨ ਹੈ ਕਿ ਅਜਿਹੀਆਂ ਗਲਤ ਨੀਤੀਆਂ ਨੂੰ ਚੁਣੌਤੀ ਦੇਣਾ ਵੱਡੀ ਸਮੱਸਿਆ ਬਣ ਜਾਂਦੀ ਹੈ। ਹਰਿਆਣਾ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਮਸਲਾ ਸਿਰਫ ਹਰਿਆਣਾ ਤੱਕ ਸੀਮਿਤ ਨਹੀਂ ਹੈ, ਬਲਕਿ ਇਹ ਇੱਕ ਅਜਿਹਾ ਰੁਝਾਨ ਹੈ, ਜਿਹੜਾ ਸਮੁੱਚੀਆਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਦਾ ਹੈ। ਜੇ ਅੱਜ ਇਸ ਮਸਲੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ, ਤਾਂ ਕੱਲ੍ਹ ਹੋਰ ਵੀ ਸੰਸਥਾਵਾਂ ਇਸਦਾ ਸ਼ਿਕਾਰ ਹੋਣਗੀਆਂ। ਸਿੱਖਾਂ ਦੇ ਮਾਮਲਿਆਂ ਵਿੱਚ ਸਰਕਾਰਾਂ ਦੀ ਪਹੁੰਚ (ਭਾਵੇਂ ਪਾਰਟੀ ਕੋਈ ਵੀ ਹੋਵੇ) ਲਗਭਗ ਇਕੋ ਜਿਹੀ ਹੀ ਹੁੰਦੀ ਹੈ। ਸੂਬਾ ਸਰਕਾਰਾਂ ਵੱਲੋਂ ਦਿੱਲੀ ਅਤੇ ਨਾਗਪੁਰ ਦੀ ਸੋਚ ਦੇ ਅਨੁਸਾਰ ਸਿੱਖ ਮਸਲਿਆਂ ਨੂੰ ਦੇਖਣਾ, ਇਹ ਦਰਸਾਉਂਦਾ ਹੈ ਕਿ ਸਿੱਖਾਂ ਦੀ ਵੱਖਰੀ ਪਛਾਣ ਅਤੇ ਖੁਦਮੁਖਤਿਆਰੀ ਨੂੰ ਸਵੀਕਾਰ ਕੀਤਾ ਜਾਣਾ ਕਾਫੀ ਅਸੰਭਵ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦੇ ਦੱਸਣ ਅਨੁਸਾਰ ਉਹਨਾਂ ਵੱਲੋਂ ਇਸ ਅਧੂਰੇ ਅਤੇ ਨਾਕਾਰ ਵਿਧੀ ਵਿਧਾਨ ਦੇ ਖਿਲਾਫ ਅਦਾਲਤ ਵਿੱਚ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ। ਇਹ ਰਿੱਟ ਪਟੀਸ਼ਨ ਦਾਇਰ ਕਰਨੀ ਬਣਦੀ ਸੀ,ਕਿਉਂਕਿ ਸਿੱਖਾਂ ਕੋਲ ਹੋਰ ਕੋਈ ਰਾਹ ਵੀ ਨਹੀਂ ਹੈ। ਪਰ ਇੱਥੇ ਫਿਰ ਸਵਾਲ ਉਠਦਾ ਹੈ, ਕੀ ਅਦਾਲਤਾਂ ਤੋਂ ਇਨਸਾਫ ਦੀ ਆਸ ਕੀਤੀ ਜਾ ਸਕਦੀ ਹੈ ? ਭਾਰਤ ਅੰਦਰ ਸਿੱਖ ਮਸਲਿਆਂ ਨਾਲ ਜੁੜੇ ਪਿਛਲੇ ਤਜਰਬੇ ਅਦਾਲਤਾਂ ਦੀ ਕਾਰਜ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲਾਉਂਦੇ ਹਨ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖਾਂ ਦੇ ਧਾਰਮਿਕ ਜਾਂ ਰਾਜਨੀਤਿਕ ਅਧਿਕਾਰਾਂ ਦਾ ਸਵਾਲ ਅਦਾਲਤਾਂ ਤੱਕ ਗਿਆ ਹੈ, ਨਤੀਜੇ ਹਮੇਸ਼ਾਂ ਸੰਤੁਸ਼ਟ ਕਰਨ ਵਾਲੇ ਨਹੀਂ ਰਹੇ। ਬਿਨਾ ਸ਼ੱਕ, ਅਦਾਲਤਾਂ ਸਿਧਾਂਤਕ ਤੌਰ 'ਤੇ ਸੰਵਿਧਾਨ ਦੀ ਰੱਖਿਆ ਕਰਨ ਵਾਲੀਆਂ ਸੰਵਿਧਾਨਿਕ ਸੰਸਥਾਵਾਂ ਹਨ, ਪਰ ਜਦੋਂ ਗੱਲ ਸਿੱਖਾਂ ਦੇ ਮਾਮਲਿਆਂ ਦੀ ਆਉਂਦੀ ਹੈ ਤਾਂ ਅਕਸਰ ਇੱਕ ਵੱਖਰਾ ਰਵੱਈਆ ਨਜ਼ਰ ਆਉਂਦਾ ਹੈ। ਇਹ ਕਿਸੇ ਇੱਕ ਕੇਸ ਦੀ ਗੱਲ ਨਹੀਂ, ਬਲਕਿ ਇਹ ਲਗਾਤਾਰ ਬਣਦੀ ਆ ਰਹੀ ਉਹ ਧਾਰਨਾ ਹੈ ਜੋ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦੀ ਹੈ। ਭਾਵੇਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਇਨਸਾਫ ਦਾ ਮਾਮਲਾ ਹੋਵੇ, ਬੰਦੀ ਸਿੱਖਾਂ ਦੀ ਰਿਹਾਈ ਦਾ ਮਾਮਲਾ ਹੋਵੇ, ਜਾਂ ਕੋਈ ਸਿੱਖਾਂ ਦੇ ਹਿਤਾਂ ਦੀ ਅਣਦੇਖੀ ਦਾ ਹੋਰ ਮਾਮਲਾ ਹੋਵੇ, ਅਦਾਲਤਾਂ ਕਦੇ ਵੀ ਨਿਰਪੱਖ ਨਹੀਂ ਰਹੀਆਂ। ਇਸੇ ਲਈ ਅੱਜ ਸਿੱਖਾਂ ਦੇ ਮਨ ਵਿੱਚ ਇਹ ਸੰਦੇਹ ਪੈਦਾ ਹੋ ਗਿਆ ਹੈ ਕਿ ਸਿੱਖਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਤੋਂ ਇਨਸਾਫ ਮਿਲਣਾ ਸ਼ਾਇਦ ਸੰਭਵ ਹੀ ਨਹੀਂ ਹੈ। ਜੇਕਰ ਇਸ ਮਾਮਲੇ ਵਿੱਚ ਵੀ ਅਦਾਲਤ ਸਿੱਖਾਂ ਨਾਲ ਹੋ ਰਹੇ ਇਸ ਅਨਿਆਂ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ ਅਤੇ ਇਨਸਾਫ ਦੇਣ ਤੋਂ ਟਾਲਾ ਵੱਟਦੀ ਹੈ,ਤਾਂ ਇਹ ਸਿੱਖਾਂ ਦੇ ਭਰੋਸੇ ਨੂੰ ਅਸਲੋਂ ਹੀ ਤੋੜਨ ਵਾਲਾ ਵਰਤਾਰਾ ਹੋਵੇਗਾ। ਸੋ ਆਸ ਕਰਨੀ ਬਣਦੀ ਹੈ ਕਿ ਜਿੱਥੇ ਅਦਾਲਤਾਂ ਸਿੱਖਾਂ ਨਾਲ ਹੁੰਦੀ ਬੇ-ਇਨਸਾਫੀ ਦੇ ਮਾਮਲੇ ਵਿੱਚ ਸਾਕਾਰਾਤਮਕ ਰੁੱਖ ਅਪਨਾਉਣਗੀਆਂ,ਓਥੇ ਸੂਬਾ ਸਰਕਾਰ ਵੀ ਸਿੱਖ ਭਾਵਨਾਵਾਂ ਨੂੰ ਸਮਝਦੀ ਹੋਈ ਇਸ ਦਖਲ ਅੰਦਾਜ਼ੀ ਵਾਲੀ ਚੋਰ ਮੋਰੀ ਨੂੰ ਬੰਦ ਕਰਕੇ ਸਿੱਖਾਂ ਦਾ ਭਰੋਸਾ ਜਿੱਤਣ ਵੱਲ ਕਦਮ ਪੁੱਟੇਗੀ,ਕਿਉਂਕਿ ਅਜਿਹੇ ਕਦਮ ਹਰਿਆਣਾ ਵਿੱਚ ਹੀ ਨਹੀਂ ਸਗੋਂ ਪੂਰੀ ਸਿੱਖ ਕੌਮ ਦੇ ਮਨੋਵਿਗਿਆਨ 'ਤੇ ਸਾਕਾਰਾਤਮਕ ਅਸਰ ਪਾਉਣ ਵਿੱਚ ਸਹਾਈ ਹੋਣਗੇ।

# ਕੁਰੂਕਸ਼ੇਤਰ ਦੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿੱਚ 4 ਖੁਦਕੁਸ਼ੀਆਂ

**ਡਾ. ਸਤਿਆਵਾਨ ਸੌਰਭ**

ਵੱਕਾਰੀ ਭਾਰਤੀ ਤਕਨੀਕੀ ਸਿੱਖਿਆ ਸੰਸਥਾਵਾਂ, ਜੋ ਕਦੇ ਸੁਪਨਿਆਂ ਦੀਆਂ ਫੈਕਟਰੀਆਂ ਵਜੋਂ ਜਾਣੀਆਂ ਜਾਂਦੀਆਂ ਸਨ, ਹੁਣ ਬਹੁਤ ਸਾਰੇ ਨੌਜਵਾਨਾਂ ਲਈ ਮਾਨਸਿਕ ਤਣਾਅ ਦੀਆਂ ਫੈਕਟਰੀਆਂ ਬਣ ਰਹੀਆਂ ਹਨ। ਹਰਿਆਣਾ ਦੇ ਕੁਰੂਕਸ਼ੇਤਰ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿੱਚ ਸਿਰਫ਼ ਦੋ ਮਹੀਨਿਆਂ ਦੇ ਅੰਦਰ ਚਾਰ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ। ਇਹ ਸਿਰਫ਼ ਚਾਰ ਜ਼ਿੰਦਗੀਆਂ ਦਾ ਅੰਤ ਨਹੀਂ ਹੈ, ਸਗੋਂ ਇੱਕ ਅਜਿਹੀ ਪ੍ਰਣਾਲੀ ਦੀ ਅਸਫਲਤਾ ਹੈ ਜੋ ਪ੍ਰਤਿਭਾ ਨੂੰ ਪਾਲਣ-ਪੋਸ਼ਣ ਕਰਨ ਦੀ ਬਜਾਏ ਤਬਾਹ ਕਰ ਰਹੀ ਹੈ। ਫਰਵਰੀ ਅਤੇ ਅਪ੍ਰੈਲ 2026 ਦੇ ਵਿਚਕਾਰ ਵਾਪਰੀਆਂ ਇਹ ਘਟਨਾਵਾਂ ਅਲੱਗ-ਥਲੱਗ ਘਟਨਾਵਾਂ ਨਹੀਂ ਹਨ ਸਗੋਂ ਇੱਕ ਖ਼ਤਰਨਾਕ ਲੜੀ ਨੂੰ ਦਰਸਾਉਂਦੀਆਂ ਹਨ - ਇੱਕ ਘਟਨਾ ਤੋਂ ਬਾਅਦ ਦੂਜੀ, ਕਿਉਂਕਿ ਨਿਰਾਸ਼ਾ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦੀ ਹੈ। ਦੀਕਸ਼ਾ ਦੂਬੇ ਦਾ ਖ਼ੁਦਕੁਸ਼ੀ ਨੋਟ-ਮੈਂ ਕੁਝ ਵੀ ਪ੍ਰਾਪਤ ਨਹੀਂ ਕਰ ਸਕੀ -ਸਿਰਫ਼ ਇੱਕ ਵਿਦਿਆਰਥੀ ਦੀ ਪੀੜਾ ਨਹੀਂ ਹੈ, ਸਗੋਂ ਇੱਕ ਮਾਨਸਿਕਤਾ ਦਾ ਪ੍ਰਤੀਬਿੰਬ ਹੈ, ਜਿਸ ਵਿੱਚ ਕੁਝ ਪ੍ਰਾਪਤ ਕਰਨਾ ਜ਼ਿੰਦਗੀ ਦਾ ਅੰਤਮ ਟੀਚਾ ਬਣ ਗਿਆ ਹੈ। ਭਾਰਤ ਵਿੱਚ, ਜੇਈਈ ਮੇਨਜ਼ ਅਤੇ ਜੇਈਈ ਐਡਵਾਂਸਡ ਵਰਗੀਆਂ ਪ੍ਰੀਖਿਆਵਾਂ ਨੂੰ ਲੰਬੇ ਸਮੇਂ ਤੋਂ ਸਫਲਤਾ ਦੀ ਕੁੰਜੀ ਮੰਨਿਆ ਜਾਂਦਾ ਰਿਹਾ ਹੈ। ਲੱਖਾਂ ਵਿਦਿਆਰਥੀ ਇਹਨਾਂ ਪ੍ਰੀਖਿਆਵਾਂ ਨੂੰ ਪਾਸ ਕਰਨ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਕੁਰੂਕਸ਼ੇਤਰ ਵਰਗੇ ਸੰਸਥਾਨਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਸਾਲਾਂ ਤੋਂ ਅਣਥੱਕ ਮਿਹਨਤ ਕਰਦੇ ਹਨ। ਪਰ ਵਿਅੰਗਾਤਮਕ ਤੌਰ 'ਤੇ ਇੱਕ ਸੰਸਥਾ ਵਿੱਚ ਦਾਖਲਾ, ਜਿਸਨੂੰ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨਿਆ ਜਾਂਦਾ ਹੈ, ਬਹੁਤ ਸਾਰੇ ਵਿਦਿਆਰਥੀਆਂ ਲਈ ਜੰਗ ਦਾ ਮੈਦਾਨ ਬਣ ਜਾਂਦਾ ਹੈ। ਇੱਕ ਵਾਰ ਉੱਥੇ ਪਹੁੰਚਣ 'ਤੇ ਵਿਦਿਆਰਥੀਆਂ ਨੂੰ ਨਾ ਸਿਰਫ਼ ਅਕਾਦਮਿਕ ਤੌਰ 'ਤੇ ਉੱਤਮ ਹੋਣਾ ਪੈਂਦਾ ਹੈ, ਸਗੋਂ ਹਰ ਮੋਰਚੇ 'ਤੇ ਆਪਣੇ ਆਪ ਨੂੰ ਸਾਬਤ ਕਰਨ ਦੇ ਦਬਾਅ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। 75% ਹਾਜ਼ਰੀ ਨਿਯਮ, ਨਿਰੰਤਰ ਅਸਾਈਨਮੈਂਟ ਅਤੇ ਪ੍ਰੋਜੈਕਟ, ਸਮੈਸਟਰ ਪ੍ਰੀਖਿਆਵਾਂ ਦਾ ਤਣਾਅ ਅਤੇ ਪਲੇਸਮੈਂਟ ਦੀ ਅਨਿਸ਼ਚਿਤਤਾ - ਇਹ ਸਭ ਵਿਦਿਆਰਥੀਆਂ ਦੇ ਮਨਾਂ 'ਤੇ ਇੱਕ ਅਦਿੱਖ ਪਰ ਭਾਰੀ ਬੋਝ ਪਾਉਂਦੇ ਹਨ। ਇਹ ਦਬਾਅ ਸਿਰਫ਼ ਅਕਾਦਮਿਕ ਹੀ ਨਹੀਂ ਹੈ, ਸਗੋਂ ਮਨੋਵਿਗਿਆਨਕ ਅਤੇ ਸਮਾਜਿਕ ਵੀ ਹੈ। ਜਦੋਂ ਕੋਈ ਵਿਦਿਆਰਥੀ ਜੋ ਆਪਣੇ ਸਕੂਲ ਜਾਂ ਕੋਚਿੰਗ ਕਲਾਸ ਦੇ ਸਿਖਰ 'ਤੇ ਰਿਹਾ ਹੈ, ਅਚਾਨਕ ਆਪਣੇ ਆਪ ਨੂੰ ਸੈਂਕੜੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਵਿੱਚ ਪਾਉਂਦਾ ਹੈ ਤਾਂ ਉਸਦੀ ਸਵੈ-ਚਿੱਤਰ ਪ੍ਰਭਾਵਿਤ ਹੁੰਦੀ ਹੈ। ਜਿੱਥੇ ਉਹ ਕਦੇ ਆਪਣੇ ਆਪ ਨੂੰ ਸਭ ਤੋਂ ਵਧੀਆ ਸਮਝਦੇ ਸਨ, ਹੁਣ ਉਹ ਔਸਤ ਜਾਂ, ਕਈ ਵਾਰ, ਕਮਜ਼ੋਰ ਮਹਿਸੂਸ ਕਰਦੇ ਹਨ। ਇਹ ਤਬਦੀਲੀ ਬਹੁਤ ਸਾਰੇ ਵਿਦਿਆਰਥੀਆਂ ਲਈ ਮਾਨਸਿਕ ਤੌਰ 'ਤੇ ਬਹੁਤ ਮੁਸ਼ਕਲ ਹੈ। ਉਹ ਆਪਣੀਆਂ ਅਸਫਲਤਾਵਾਂ ਨੂੰ ਸਵੀਕਾਰ ਕਰਨ ਵਿੱਚ ਅਸਮਰੱਥ ਹੁੰਦੇ ਹਨ ਅਤੇ ਹੌਲੀ ਹੌਲੀ ਸਵੈ-ਸ਼ੱਕ ਅਤੇ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਪੂਰੇ ਸੰਕਟ ਵਿੱਚ ਪਰਿਵਾਰ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਭਾਰਤੀ ਸਮਾਜ ਵਿੱਚ, ਸਿੱਖਿਆ ਸਮਾਜਿਕ ਪ੍ਰਤਿਸ਼ਠਾ ਨਾਲ ਜੁੜੀ ਹੋਈ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਤੋਂ ਬਹੁਤ ਉਮੀਦਾਂ ਹੁੰਦੀਆਂ ਹਨ ਅਤੇ ਇਹ ਉਮੀਦ ਅਕਸਰ ਅਣਜਾਣੇ ਵਿੱਚ ਦਬਾਅ ਵਿੱਚ ਬਦਲ ਜਾਂਦੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਦਰਸਾਉਂਦੇ ਹਨ ਕਿ ਨੌਜਵਾਨਾਂ ਵਿੱਚ ਖੁਦਕੁਸ਼ੀਆਂ ਵਿੱਚ ਪਰਿਵਾਰਕ ਦਬਾਅ ਇੱਕ ਵੱਡਾ ਕਾਰਕ ਹੈ। ਇਹ ਦਬਾਅ ਖਾਸ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਗੰਭੀਰ ਹੁੰਦਾ ਹੈ। ਉਨ੍ਹਾਂ ਦੇ ਮਾਪੇ ਆਪਣੀ ਸੀਮਤ ਆਮਦਨ ਦਾ ਇੱਕ ਮਹੱਤਵਪੂਰਨ ਹਿੱਸਾ ਉਨ੍ਹਾਂ ਦੀ ਸਿੱਖਿਆ 'ਤੇ ਖਰਚ ਕਰਦੇ ਹਨ ਅਤੇ ਬਦਲੇ ਵਿੱਚ ਸਫਲਤਾ ਦੀ ਉਮੀਦ ਕਰਦੇ ਹਨ। ਇਸ ਲਈ ਜੇਕਰ ਕੋਈ ਵਿਦਿਆਰਥੀ ਕਿਸੇ ਕਾਰਨ ਕਰਕੇ ਉਮੀਦ ਅਨੁਸਾਰ ਪ੍ਰਦਰਸ਼ਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਨਾ ਸਿਰਫ਼ ਆਪਣੇ ਆਪ ਨੂੰ ਸਗੋਂ ਆਪਣੇ ਪੂਰੇ ਪਰਿਵਾਰ ਨੂੰ ਵੀ ਨਿਰਾਸ਼ ਕੀਤਾ ਹੈ।




ਸੋਸ਼ਲ ਮੀਡੀਆ ਨੇ ਇਸ ਸਥਿਤੀ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਅੱਜ ਦੇ ਨੌਜਵਾਨ ਲਗਾਤਾਰ ਦੂਜਿਆਂ ਦੀ ਸਫਲਤਾ ਅਤੇ ਖੁਸ਼ ਜ਼ਿੰਦਗੀ ਦੀਆਂ ਝਲਕਾਂ ਨਾਲ ਘਿਰੇ ਰਹਿੰਦੇ ਹਨ। ਇੰਸਟਾਗ੍ਰਾਮ, ਯੂਟਿਊਬ ਅਤੇ ਹੋਰ ਪਲੇਟਫਾਰਮਾਂ 'ਤੇ ਪ੍ਰਦਰਸ਼ਿਤ ਚਮਕ ਅਤੇ ਗਲੈਮਰ ਹਕੀਕਤ ਤੋਂ ਬਹੁਤ ਦੂਰ ਇੱਕ ਅਜਿਹੀ ਦੁਨੀਆਂ ਬਣਾਉਂਦੇ ਹਨ। ਹਾਲਾਂਕਿ, ਵਿਦਿਆਰਥੀ ਆਪਣੀ ਤੁਲਨਾ ਦੂਜਿਆਂ ਨਾਲ ਕਰਨਾ ਸ਼ੁਰੂ ਕਰ ਦਿੰਦੇ ਹਨ, ਇਸਨੂੰ ਅਸਲ ਮੰਨਦੇ ਹੋਏ। ਜਦੋਂ ਉਹ ਮਹਿਸੂਸ ਕਰਦੇ ਹਨ ਕਿ ਉਹ ਇਸ ਆਦਰਸ਼ ਜ਼ਿੰਦਗੀ ਤੋਂ ਘੱਟ ਹਨ, ਤਾਂ ਉਨ੍ਹਾਂ ਦੇ ਅੰਦਰ ਅਸੰਤੁਸ਼ਟੀ ਅਤੇ ਨਿਰਾਸ਼ਾ ਵਧਦੀ ਹੈ। ਫਰਾਂਸੀਸੀ ਸਮਾਜ ਸ਼ਾਸਤਰੀ ਐਮਿਲ ਡਰਖਾਈਮ ਖੁਦਕੁਸ਼ੀ ਨੂੰ ਸਿਰਫ਼ ਇੱਕ ਵਿਅਕਤੀਗਤ ਸਮੱਸਿਆ ਵਜੋਂ ਨਹੀਂ, ਸਗੋਂ ਇੱਕ ਸਮਾਜਿਕ ਸਮੱਸਿਆ ਵਜੋਂ ਵੇਖਦੇ ਸਨ। ਐਨੋਮਿਕ ਖੁਦਕੁਸ਼ੀ ਦਾ ਉਨ੍ਹਾਂ ਦਾ ਸਿਧਾਂਤ ਸੁਝਾਅ ਦਿੰਦਾ ਹੈ ਕਿ ਜਦੋਂ ਸਮਾਜਿਕ ਨਿਯਮ ਅਤੇ ਉਮੀਦਾਂ ਅਸਪੱਸ਼ਟ ਜਾਂ ਅਸੰਤੁਲਿਤ ਹੋ ਜਾਂਦੀਆਂ ਹਨ, ਤਾਂ ਵਿਅਕਤੀ ਇਕੱਲੇ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹੀ ਸਥਿਤੀ ਅੱਜ ਬਹੁਤ ਸਾਰੇ ਤਕਨੀਕੀ ਸੰਸਥਾਵਾਂ ਵਿੱਚ ਸਪੱਸ਼ਟ ਹੈ। ਵਿਦਿਆਰਥੀਆਂ ਨੂੰ ਇੱਕ ਅਜਿਹੇ ਮਾਹੌਲ ਵਿੱਚ ਰੱਖਿਆ ਜਾਂਦਾ ਹੈ, ਜਿੱਥੇ ਉਨ੍ਹਾਂ ਤੋਂ ਉੱਚੀਆਂ ਉਮੀਦਾਂ ਰੱਖੀਆਂ ਜਾਂਦੀਆਂ ਹਨ, ਪਰ ਉਨ੍ਹਾਂ ਨੂੰ ਢੁਕਵੀਂ ਭਾਵਨਾਤਮਕ ਜਾਂ ਸਮਾਜਿਕ ਸਹਾਇਤਾ ਦੀ ਘਾਟ ਹੁੰਦੀ ਹੈ। ਨਤੀਜੇ ਵਜੋਂ, ਉਹ ਅੰਦਰੂਨੀ ਤੌਰ 'ਤੇ ਟੁੱਟਣ ਲੱਗ ਪੈਂਦੇ ਹਨ। ਇਹ ਸਮੱਸਿਆ ਪੇਂਡੂ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਹੋਰ ਵੀ ਗੰਭੀਰ ਹੈ। ਉਹਨਾਂ ਨੂੰ ਅਚਾਨਕ ਇੱਕ ਅਜਿਹੇ ਮਾਹੌਲ ਵਿੱਚ ਧੱਕ ਦਿੱਤਾ ਜਾਂਦਾ ਹੈ, ਜਿੱਥੇ ਭਾਸ਼ਾ, ਜੀਵਨ ਸ਼ੈਲੀ ਅਤੇ ਸਮਾਜਿਕ ਵਿਵਹਾਰ ਸਭ ਵੱਖਰਾ ਹੁੰਦਾ ਹੈ। ਉਹਨਾਂ ਨੂੰ ਆਪਣੇ ਆਲੇ ਦੁਆਲੇ ਦੇ ਲੋਕਾਂ ਨਾਲ ਜੁੜਨਾ ਮੁਸ਼ਕਲ ਲੱਗਦਾ ਹੈ। ਇਹ ਇਕੱਲਤਾ ਹੌਲੀ-ਹੌਲੀ ਇਕੱਲਤਾ ਵਿੱਚ ਬਦਲ ਜਾਂਦੀ ਹੈ ਅਤੇ ਇਕੱਲਤਾ ਮਾਨਸਿਕ ਸਿਹਤ ਲਈ ਇੱਕ ਵੱਡਾ ਖ਼ਤਰਾ ਬਣ ਸਕਦੀ ਹੈ। ਬਹੁਤ ਸਾਰੇ ਵਿਦਿਆਰਥੀ ਆਪਣੀਆਂ ਸਮੱਸਿਆਵਾਂ ਕਿਸੇ ਨਾਲ ਸਾਂਝੀਆਂ ਕਰਨ ਵਿੱਚ ਅਸਮਰੱਥ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਲੱਗਦਾ ਹੈ ਕਿ ਅਜਿਹਾ ਕਰਨਾ ਕਮਜ਼ੋਰੀ ਦੀ ਨਿਸ਼ਾਨੀ ਹੈ। ਵਿਦਿਆਰਥਣਾਂ ਲਈ, ਇਹ ਸੰਘਰਸ਼ ਕਈ ਪੱਧਰਾਂ 'ਤੇ ਹੁੰਦਾ ਹੈ। ਉਨ੍ਹਾਂ ਨੂੰ ਅਕਾਦਮਿਕ ਸਿੱਖਿਆ ਨੂੰ ਸੁਰੱਖਿਆ, ਸਮਾਜਿਕ ਉਮੀਦਾਂ ਅਤੇ ਸਵੈ-ਨਿਰਭਰਤਾ ਨਾਲ ਸੰਤੁਲਿਤ ਕਰਨਾ ਪੈਂਦਾ ਹੈ। ਅਕਸਰ, ਉਨ੍ਹਾਂ ਨੂੰ ਇਹ ਮਹਿਸੂਸ ਕਰਵਾਇਆ ਜਾਂਦਾ ਹੈ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਸਾਬਤ ਕਰਨਾ ਪਵੇਗਾ, ਨਾ ਸਿਰਫ਼ ਵਿਦਿਆਰਥੀਆਂ ਵਜੋਂ, ਸਗੋਂ ਔਰਤਾਂ ਵਜੋਂ ਵੀ। ਇਹ ਦੋਹਰਾ ਦਬਾਅ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਹੋਰ ਪ੍ਰਭਾਵਿਤ ਕਰਦਾ ਹੈ। ਸੰਸਥਾਗਤ ਪੱਧਰ 'ਤੇ ਵੀ ਬਹੁਤ ਸਾਰੀਆਂ ਕਮੀਆਂ ਸਾਹਮਣੇ ਆਉਂਦੀਆਂ ਹਨ ਜ਼ਿਆਦਾਤਰ ਤਕਨੀਕੀ ਸੰਸਥਾਵਾਂ ਵਿੱਚ ਮਾਨਸਿਕ ਸਿਹਤ ਸੇਵਾਵਾਂ ਨਾਕਾਫ਼ੀ ਹਨ। ਸੈਂਕੜੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨੂੰ ਸੰਭਾਲਣ ਲਈ ਇੱਕ ਜਾਂ ਦੋ ਸਲਾਹਕਾਰ ਕਾਫ਼ੀ ਨਹੀਂ ਹਨ। ਵਿਦਿਆਰਥੀ ਅਕਸਰ ਕਾਊਂਸਲਿੰਗ ਲੈਣ ਤੋਂ ਝਿਜਕਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਹ ਉਨ੍ਹਾਂ ਦੇ ਅਕਸ ਨੂੰ ਪ੍ਰਭਾਵਿਤ ਕਰੇਗਾ। ਇਸ ਤੋਂ ਇਲਾਵਾ, ਸਲਾਹ ਪ੍ਰਣਾਲੀਆਂ ਅਕਸਰ ਬੇਅਸਰ ਹੁੰਦੀਆਂ ਹਨ। ਕੁਝ ਮਾਮਲਿਆਂ ਵਿੱਚ, ਮਦਦਗਾਰ ਹੋਣ ਦੀ ਬਜਾਏ, ਉਹ ਵਿਦਿਆਰਥੀਆਂ ਲਈ ਵਾਧੂ ਤਣਾਅ ਪੈਦਾ ਕਰਦੇ ਹਨ।

ਚਾਰ ਖੁਦਕੁਸ਼ੀਆਂ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਚੁੱਕੇ ਗਏ ਕਦਮ-ਜਿਵੇਂ ਕਿ ਜਾਂਚ ਕਮੇਟੀ ਬਣਾਉਣਾ, ਕਾਊਂਸਲਿੰਗ ਸੇਵਾਵਾਂ ਵਿੱਚ ਸੁਧਾਰ ਕਰਨਾ ਅਤੇ ਛੁੱਟੀਆਂ ਦਾ ਐਲਾਨ ਕਰਨਾ- ਮਹੱਤਵਪੂਰਨ ਹਨ, ਪਰ ਕਾਫ਼ੀ ਨਹੀਂ ਹਨ। ਇਹ ਸਮੱਸਿਆ ਸਿਰਫ਼ ਤੁਰੰਤ ਉਪਾਵਾਂ ਨਾਲ ਹੱਲ ਨਹੀਂ ਹੋਵੇਗੀ। ਇਸ ਲਈ ਲੰਬੇ ਸਮੇਂ ਦੇ ਅਤੇ ਵਿਆਪਕ ਬਦਲਾਅ ਦੀ ਲੋੜ ਹੈ। ਸਿੱਖਿਆ ਪ੍ਰਣਾਲੀ ਨੂੰ ਇਹ ਪਛਾਣਨਾ ਚਾਹੀਦਾ ਹੈ ਕਿ ਵਿਦਿਆਰਥੀ ਸਿਰਫ਼ ਅੰਕ ਅਤੇ ਰੈਂਕ ਨਹੀਂ ਹਨ, ਸਗੋਂ ਭਾਵਨਾਤਮਕ ਅਤੇ ਸਮਾਜਿਕ ਜ਼ਰੂਰਤਾਂ ਵਾਲੇ ਮਨੁੱਖ ਹਨ। ਕੈਂਪਸ ਪੱਧਰ 'ਤੇ ਵੀ ਇੱਕ ਸਕਾਰਾਤਮਕ ਅਤੇ ਸਹਾਇਕ ਮਾਹੌਲ ਬਣਾਉਣ ਦੀ ਲੋੜ ਹੈ। ਵਿਦਿਆਰਥੀਆਂ ਨੂੰ ਇੱਕ ਦੂਜੇ ਦੀ ਮਦਦ ਕਰਨ ਅਤੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪੀਅਰ ਸਪੋਰਟ ਗਰੁੱਪ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਵਰਗੀਆਂ ਪਹਿਲਕਦਮੀਆਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦੀਆਂ ਹਨ।

ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ, ਕੁਰੂਕਸ਼ੇਤਰ ਵਿਖੇ ਵਾਪਰੀਆਂ ਇਹ ਘਟਨਾਵਾਂ ਸਿਰਫ਼ ਇੱਕ ਸੰਸਥਾ ਲਈ ਸਮੱਸਿਆ ਨਹੀਂ ਹਨ, ਸਗੋਂ ਪੂਰੀ ਭਾਰਤੀ ਸਿੱਖਿਆ ਪ੍ਰਣਾਲੀ ਲਈ ਇੱਕ ਚੇਤਾਵਨੀ ਹਨ। ਜੇਕਰ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ, ਤਾਂ ਇਹ ਸੰਕਟ ਹੋਰ ਡੂੰਘਾ ਹੋ ਸਕਦਾ ਹੈ। ਇਹ ਜ਼ਰੂਰੀ ਹੈ ਕਿ ਅਸੀਂ ਇਸ ਮੁੱਦੇ ਨੂੰ ਗੰਭੀਰਤਾ ਨਾਲ ਲਈਏ ਅਤੇ ਅਜਿਹੇ ਹੱਲ ਲੱਭਣ ਲਈ ਮਿਲ ਕੇ ਕੰਮ ਕਰੀਏ ਜੋ ਨਾ ਸਿਰਫ਼ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਨੂੰ ਯਕੀਨੀ ਬਣਾਉਣ, ਸਗੋਂ ਉਨ੍ਹਾਂ ਦੀ ਮਾਨਸਿਕ ਅਤੇ ਭਾਵਨਾਤਮਕ ਸਿਹਤ ਦੀ ਵੀ ਰੱਖਿਆ ਕਰਨ ਵਿਦਿਆਰਥੀ ਦੇਸ਼ ਦਾ ਭਵਿੱਖ ਹਨ, ਅਤੇ ਜੇਕਰ ਉਹ ਭਵਿੱਖ ਨਿਰਾਸ਼ਾ ਅਤੇ ਦਬਾਅ ਦੇ ਭਾਰ ਹੇਠ ਦੱਬ ਜਾਂਦਾ ਹੈ, ਤਾਂ ਇਹ ਸਿਰਫ਼ ਇੱਕ ਨਿੱਜੀ ਦੁਖਾਂਤ ਨਹੀਂ ਹੈ, ਸਗੋਂ ਇੱਕ ਰਾਸ਼ਟਰੀ ਸੰਕਟ ਹੈ। ਇਹ ਸਫਲਤਾ ਨੂੰ ਮੁੜ ਪਰਿਭਾਸ਼ਿਤ ਕਰਨ ਅਤੇ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਬਣਾਉਣ ਦਾ ਸਮਾਂ ਹੈ ਜੋ ਵਿਦਿਆਰਥੀਆਂ ਨੂੰ ਨਾ ਸਿਰਫ਼ ਸਫਲ ਹੋਣ ਦੇ ਨਾਲ-ਨਾਲ ਸੰਤੁਲਿਤ ਅਤੇ ਖੁਸ਼ ਇਨਸਾਨ ਵੀ ਬਣਨ ਦਾ ਅਧਿਕਾਰ ਦੇਵੇ।

# ਲੋੜ ਹੈ ਨੌਜਵਾਨੀ ਨੂੰ ਵਿਸ਼ਵ, ਦੇਸ਼, ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਲਈ ਜਾਗਰੂਕ ਹੋਣ ਦੀ

**ਸੰਜੀਵ ਸਿੰਘ ਸੈਣੀ,**
**78889-66168**

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ। ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਸਮਾਜ ਦਾ ਨਾਂਅ ਰੌਸ਼ਨ ਕਰੇ। ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ। ਵਿਚਾਰਨ ਵਾਲੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ । ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਨੌਜਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ। ਨੌਜਵਾਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ। ਬੰਗਲਾਦੇਸ਼ ਵਿੱਚ ਉਥੋਂ ਦੇ ਨੌਜਵਾਨਾਂ ਨੇ ਆਪਣੇ ਦੇਸ਼ ਦੀ ਸੰਸਦ ਅਤੇ ਪ੍ਰਧਾਨ ਮੰਤਰੀ ਨਿਵਾਸ ਅੰਦਰ ਜੋ ਸ਼ਰਮਨਾਕ ਕੰਮ ਕੀਤਾ, ਉਹ ਬਹੁਤ ਹੀ ਨਿੰਦਣਯੋਗ ਹੈ। ਕਾਨੂੰਨ ਆਪਣੇ ਹੱਥ ਵਿੱਚ ਲੈਣ ਦਾ ਕਿਸੇ ਵੀ ਦੇਸ਼ ਦੇ ਨੌਜਵਾਨ ਨੂੰ ਕੋਈ ਵੀ ਹੱਕ ਨਹੀਂ ਹੈ। ਇਸ ਸਮੇਂ ਵਿਸ਼ਵ ਵਿੱਚ ਹਿੰਸਕ ਅੰਦੋਲਨਾਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਬਹੁਤ ਜ਼ਿਆਦਾ ਹੋ ਗਈ ਹੈ। ਨੌਜਵਾਨ ਉਸ ਮੁਲਕ ਦਾ ਸਰਮਾਇਆ ਹੁੰਦੇ ਹਨ। ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੁਲਟ ਮੋਟਰਸਾਈਕਲ 'ਤੇ ਚਾਰ-ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਖੇ ਫੋੜਦੇ ਆਮ ਦੇਖੇ ਜਾ ਸਕਦੇ ਹਨ। ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁੱਲਟ 'ਤੇ ਪਟਾਖੇ ਫੋੜਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ। ਕਈ ਵਾਰ ਉਹ ਬੇਹੋਸ਼ ਹੋ ਕੇ ਡਿੱਗ ਜਾਂਦਾ ਹੈ। ਅਜਿਹੀਆਂ ਖ਼ਬਰਾਂ ਆਮ ਸੁਣਦੇ ਹਾਂ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ, ਜਦੋਂ ਪੁਲਿਸ ਮੁਲਾਜ਼ਮ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਹੁੰਦੇ ਹਨ, ਤਾਂ ਅਜਿਹੇ ਸ਼ਰਾਰਤੀ ਨੌਜਵਾਨ ਜਿਨ੍ਹਾਂ ਕੋਲ ਗੱਡੀ ਦੇ ਪੇਪਰ ਜਾਂ ਡਰਾਈਵਿੰਗ ਲਾਇਸੰਸ ਬਿਲਕੁਲ ਵੀ ਨਹੀਂ ਹੁੰਦਾ। ਅਜਿਹੇ ਨੌਜਵਾਨ ਆਪਣਾ ਵਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਿਸ ਵਾਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ । ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲਿਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਆਪਣੇ ਕਾਬੂ ਵਿੱਚ ਵੀ ਲੈ ਲੈਂਦੀ ਹੈ । ਮਾਰਚ ਮਹੀਨੇ ਹੋਲੀ ਦਾ ਤਿਉਹਾਰ ਲੰਘ ਕੇ ਗਿਆ ਹੈ। ਪਤਾ ਨਹੀਂ ਪੁਲਿਸ ਨੇ ਕਿੰਨੇ ਹਜ਼ਾਰਾਂ ਚਲਾਨ ਕੱਟੇ ਹੋਣੇ, ਜਿਨ੍ਹਾਂ ਨੇ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ । ਫ਼ਿਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਈ ਹੋਣੀ। ਹਾਲ ਹੀ ਵਿੱਚ ਫਗਵਾੜਾ ਵਿਖੇ ਟੋਚਨ ਮੁਕਾਬਲੇ ਵਿੱਚ ਕਈ ਲੋਕ ਜ਼ਖਮੀ ਹੋ ਗਏ। ਪਾਬੰਦੀ ਹੋਣ ਦੇ ਬਾਵਜੂਦ ਵੀ ਟਰੈਕਟਰਾਂ ਦੀਆਂ ਰੇਸਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਇਹ ਕੋਈ ਪਹਿਲਾਂ ਕੇਸ ਨਹੀਂ ਹੈ। ਕੁੱਝ ਕੁ ਮਹੀਨੇ ਪਹਿਲਾਂ ਵੀ ਟਰੈਕਟਰ ਰੇਸ ਮੁਕਾਬਲੇ ਵਿੱਚ ਨੌਜਵਾਨ ਦੀ ਮੌਤ ਹੋ ਚੁੱਕੀ ਸੀ। ਪੰਜ ਕੁ ਮਹੀਨੇ ਪਹਿਲਾਂ ਪੰਜਾਬ ਵਿੱਚ ਤਿੰਨ-ਚਾਰ ਅਜਿਹੀਆਂ ਵਾਰਦਾਤਾਂ ਹੋਈਆਂ, ਜਿਸ ਨੇ ਸਾਰਿਆਂ ਨੂੰ ਹੀ ਡਰਾ ਦਿੱਤਾ। ਅਜਨਾਲਾ ਥਾਣੇ 'ਤੇ ਪੁਲਿਸ ਨਾਲ ਕੀਤੀ ਗਈ ਮਾਰ ਕੁਟਾਈ, ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਸਾਹਿਬ ਵਿਖੇ ਸਥਾਨਕ ਵਸਨੀਕਾਂ ਨਾਲ ਪੱਥਰਬਾਜ਼ੀ, ਤੇ ਖ਼ਾਲਸਾ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਕਨੇਡਾ ਤੋਂ ਆਏ ਨੌਜਵਾਨ ਦਾ ਹੋਇਆ ਕਤਲ। ਆਨੰਦਪੁਰ ਸਾਹਿਬ ਵਾਲੀ ਘਟਨਾ ਦਾ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ 'ਤੇ ਕੀ ਅਸਰ ਪਿਆ ਹੋਣਾ। ਸੋਚਣ ਵਾਲੀ ਗੱਲ ਹੈ। ਟਰੈਕਟਰਾਂ ਉੱਪਰ 15 ਤੋਂ 20 ਨੌਜਵਾਨ ਉੱਚੀ ਅਵਾਜ਼ ਵਿੱਚ ਭੜਕੀਲੇ ਗਾਣੇ ਲਗਾ ਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾ ਸਕਦੇ ਹਨ। ਸੜਕਾਂ 'ਤੇ ਅਸੀਂ ਆਮ ਦੇਖਦੇ ਹਾਂ ਕਿ ਟਰੈਕਟਰਾਂ 'ਤੇ ਇੰਨੀ ਉੱਚੀ ਅਵਾਜ਼ ਵਿੱਚ ਗਾਣੇ ਚਲਾ ਕੇ ਆਪਣੀ ਮਸਤੀ ਕਰ ਰਹੇ ਹੁੰਦੇ ਹਨ । ਕਈ ਵਾਰ ਅਣਸੁਖਾਵੀਂਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ। ਜੇ ਉਹ ਆਪਣੇ ਬੱਚਿਆਂ ਨੂੰ ਰੋਕਦੇ ਟੋਕਦੇ ਹਨ ਤਾਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸਹਿਣਸ਼ੀਲਤਾ ਬਿਲਕੁਲ ਵੀ ਨਹੀ ਹੈ। ਗ਼ਲਤ ਕਦਮ ਚੁੱਕਦੇ ਨੇ। ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ ਪਿਓ ਦਾ ਨਾਂ ਬਦਨਾਮ ਕਰਨ 'ਤੇ ਲੱਗੇ ਹੋਏ ਹਨ। ਮਾਂ-ਬਾਪ ਦੇ ਅੱਗੇ ਬੋਲਦੇ ਹਨ। ਮਾਰ ਕੁਟਾਈ ਤੱਕ ਕਰਦੇ ਹਨ। ਕਈ ਮਾਂ-ਪਿਉ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ ਸਨ। ਪਿੱਛੇ ਜਿਹੇ ਮੇਰਾ ਦੋ ਕੁ ਮਹੀਨੇ ਪਹਿਲਾਂ ਲੇਖ ਬਜ਼ੁਰਗਾਂ ਸਬੰਧੀ ਛਪਿਆ ਸੀ, ਤਕਰੀਬਨ ਮੈਨੂੰ ਕਈ ਫ਼ੋਨ ਆਏ। ਮਾਂ ਬਾਪ ਕਹਿ ਰਹੇ ਸਨ ਕਿ ਸਾਡੀ ਔਲਾਦ ਨੇ ਸਾਡਾ ਜਿਊਣਾ ਦੁੱਭਰ ਤੱਕ ਕਰ ਰੱਖਿਆ ਹੈ। ਨਸ਼ੇ ਕਰਦੇ ਹਨ, ਜੇ ਇਹਨਾਂ ਨੂੰ ਰੋਕਦੇ ਹਨ ਤਾਂ ਸਾਨੂੰ ਮਾਰ ਕੁਟਾਈ ਵੀ ਕਰਦੇ ਹਨ। ਨਸ਼ਿਆਂ ਦੀ ਭਰਪਾਈ ਲਈ ਘਰ ਦਾ ਸਮਾਨ ਤੱਕ ਵੇਚ ਦਿੱਤਾ ।


**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
ਦੂਜੀ ਮੰਜ਼ਿਲ, ਐਸ.ਸੀ.ਓ. 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰ. : ਓਏ/937/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. 33902
ਯੂਨੀਅਨ ਬੈਂਕ ਆਫ ਇੰਡੀਆ
ਬਨਾਮ
ਮੈਸ. ਸ਼ਿਵਾਨੀ ਨਿਟਵੀਅਰ

ਵੱਲ,
(1) (1) ਮੈਸਰਜ਼ ਸ਼ਿਵਾਨੀ ਨਿਟਵੀਅਰ, ਐਚ. ਨੰ. 16 17, ਇੰਦਰ ਵਿਹਾਰ ਕਲੋਨੀ, ਕਾਲੀ ਸਰਕ, ਬਾਲਾਜੀ ਮੰਦਿਰ ਨੇੜੇ, ਲੁਧਿਆਣਾ ਪੰਜਾਬ ਆਪਣੀ ਪ੍ਰੋਪਰਾਈਟਰ ਸ਼੍ਰੀਮਤੀ ਸ਼ਿਵਾਨੀ ਪਤਨੀ ਸ੍ਰੀ ਵਿਨੋਦ ਕੁਮਾਰ, ਲੁਧਿਆਣਾ, ਪੰਜਾਬ-141007
(2) ਸ਼੍ਰੀਮਤੀ ਸ਼ਿਵਾਨੀ ਪਤਨੀ ਸ੍ਰੀ ਵਿਨੋਦ ਕੁਮਾਰ, ਪ੍ਰੋਪਰਾਈਟਰ ਮੈਸਰਜ਼ ਸ਼ਿਵਾਨੀ ਨਿਟਵੀਅਰ, ਮਕਾਨ ਨੰ: 16-17, ਇੰਦਰ ਵਿਹਾਰ ਕਾਲੋਨੀ, ਕਾਲੀ ਸਰਕ, ਬਾਲਾਜੀ ਮੰਦਰ ਨੇੜੇ, ਲੁਧਿਆਣਾ, ਪੰਜਾਬ-141007

ਸੰਮਨ
ਜਿਥੇ ਕਿ, ਓ. ਏ./1292/2025, 01.04.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 5,02,15,576.81/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 22.07.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 02.04.2026 ਨੂੰ ਜਾਰੀ।



**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
ਜ਼ਮੀਨੀ ਤਲ, ਐਸਸੀਓ.33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ. : ਓਏ/1292/2025
ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ
ਈਐਕਸਐਚ ਨੰ. 30872
ਸਟੇਟ ਬੈਂਕ ਆਫ ਇੰਡੀਆ
ਬਨਾਮ
ਗੁਰਚਰਨ ਸਿੰਘ

ਵੱਲ,
(1) ਗੁਰਚਰਨ ਸਿੰਘ ਪੁੱਤਰ ਸ੍ਰੀ ਜੈਮਲ ਸਿੰਘ, ਵਾਸੀ ਪਿੰਡ ਅਤੇ ਡਾਕਖਾਨਾ ਮੱਲ੍ਹਾਵਾਲ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ, ਪੰਜਾਬ-147202

ਸੰਮਨ
ਜਿਥੇ ਕਿ, ਓ. ਏ./937/2025, 10.04.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 27,93,989/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 06.07.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 15.04.2026 ਨੂੰ ਜਾਰੀ।
ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)



**ਕਰਜ਼ ਵਸੂਲੀ ਟ੍ਰਿਬਿਊਨਲ-I, ਚੰਡੀਗੜ੍ਹ**
ਐਸਸੀਓ.33-34-35, ਦੂਜੀ ਮੰਜ਼ਿਲ, ਸੈਕਟਰ 17-ਏ, ਚੰਡੀਗੜ੍ਹ-160017

ਆਰਸੀ ਨੰਬਰ 1634/2018
ਸਟੇਟ ਬੈਂਕ ਆਫ ਇੰਡੀਆ .....ਸਰਟੀਫਿਕੇਟ ਧਾਰਕ
ਬਨਾਮ
ਜੋਧਾ ਸਿੰਘ ਅਤੇ ਏਐਨਆਰ. .....ਸਰਟੀਫਿਕੇਟ ਦੇਣਦਾਰ

ਪ੍ਰਕਾਸ਼ਨ ਨੋਟਿਸ
(ਆਰਡੀਬੀਬੀਐਫਆਈ ਐਕਟ, 1993 ਦੀ ਧਾਰਾ 25 ਤੋਂ 29 ਵੇਖੋ ਆਮਦਨ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦਾ ਨਿਯਮ 53) ਵਿਕਰੀ ਘੋਸ਼ਣਾ ਦਾ ਨਿਪਟਾਰਾ ਕਰਨ ਦਾ ਨੋਟਿਸ

ਵੱਲ,
1. ਜੋਧਾ ਸਿੰਘ ਪੁੱਤਰ ਸ੍ਰੀ ਬਾਬੂ ਸਿੰਘ, ਵਾਸੀ ਮਕਾਨ ਨੰ. 106, ਪਿੰਡ ਫਰਵਾਹੀ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ, ਪੰਜਾਬ।
2. ਮੰਗਜੀਤ ਸਿੰਘ ਪੁੱਤਰ ਸ੍ਰੀ. ਬਾਬੂ ਸਿੰਘ, ਵਾਸੀ ਮਕਾਨ ਨੰ. 248, ਪਿੰਡ ਫਰਵਾਹੀ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ, ਪੰਜਾਬ।
ਜਦੋਂ ਕਿ, ਮਾਨਯੋਗ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਜਾਰੀ ਕੀਤਾ ਗਿਆ ਇੱਕ ਰਿਕਵਰੀ ਸਰਟੀਫਿਕੇਟ ਆਰਸੀ ਨੰ. 1634/2018, ਓ.ਏ.ਨੰ. 4401/2017 ਵਿੱਚ 14,32,491/- ਰੁਪਏ (ਭਾਵ ਏਸੀਸੀ ਖਾਤੇ ਵਿੱਚ 6,78,621/- ਰੁਪਏ ਅਤੇ ਏਟੀਐਲ ਖਾਤੇ ਵਿੱਚ 7,53,870/- ਰੁਪਏ) ਦੀ ਰਕਮ, ਜਿਸ ਵਿੱਚ 9% ਸਾਲਾਨਾ ਵਿਆਜ ਹੈ, ਜਿਸਦੀ ਛਮਾਹੀ ਬਕਾਇਆ (3 ਲੱਖ ਰੁਪਏ ਤੱਕ) ਅਤੇ ਏਸੀਸੀ ਖਾਤੇ ਦੇ ਸਬੰਧ ਵਿੱਚ 3.00 ਲੱਖ ਰੁਪਏ ਤੋਂ ਵੱਧ ਦੀ ਛਮਾਹੀ ਬਕਾਇਆ 016.50% ਸਾਲਾਨਾ ਅਤੇ ਏਟੀਐਲ ਖਾਤੇ ਦੇ ਸਬੰਧ ਵਿੱਚ 17.25% ਸਾਲਾਨਾ ਵਿਆਜ ਹੈ, ਜੋ ਕਿ 06.05.2015 ਨੂੰ ਓ.ਏ. ਦਾਇਰ ਕਰਨ ਦੀ ਮਿਤੀ ਤੋਂ ਹੈ।
ਜਦੋਂ ਕਿ, ਡਿਮਾਂਡ ਨੋਟਿਸ ਦੀ ਸੇਵਾ ਅਤੇ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ, ਤੁਹਾਨੂੰ ਉਕਤ ਰਕਮ 38 ਬੈਂਕ ਨੂੰ ਅਦਾ ਨਹੀਂ ਕੀਤੀ ਗਈ ਹੈ। ਤੁਹਾਨੂੰ ਕਾਨੂੰਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਪਵੇਗਾ।
ਗਿਰਵੀ ਰੱਖੀ ਗਈ ਜਾਇਦਾਦ ਦੇ ਸਬੰਧ ਵਿੱਚ ਵਿਕਰੀ ਦੇ ਐਲਾਨ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ, ਇਹ ਨੋਟਿਸ 04-ਮਈ-2026 ਨੂੰ ਅਚੱਲ ਜਾਇਦਾਦ 'ਤੇ ਕਿਸੇ ਵੀ ਤਰ੍ਹਾਂ ਦੇ ਬੋਝ ਦਾ ਐਲਾਨ ਕਰਨ ਅਤੇ POS ਲਈ ਨਿਯਮਾਂ ਅਤੇ ਸ਼ਰਤਾਂ ਦਾ ਨਿਪਟਾਰਾ ਕਰਨ ਲਈ ਹੇਠ ਹਸਤਾਖਰ ਕਰਨ ਵਾਲੇ ਦੇ ਸਾਹਮਣੇ ਪੇਸ਼ ਹੋਣਾ ਚਾਹੀਦਾ ਹੈ।

ਜਾਇਦਾਦਾਂ ਦਾ ਵੇਰਵਾ:-
18 ਕਨਾਲ 06 ਮਰਲੇ ਦੀ ਜ਼ਮੀਨ ਜੋ ਕਿ 73 ਕਨਾਲ 06 ਮਰਲੇ ਦਾ 1/4 ਹਿੱਸਾ ਹੈ, ਜਿਸ ਵਿੱਚ ਖੱਟਾ ਨੰਬਰ 539/916, ਖਸਰਾ ਨੰਬਰ 2701 ਘੱਟੋ-ਘੱਟ (4-5), 2702(9-12), 2703(8-0), 2704(3-11), 2705(3-8), 2706 ਘੱਟੋ-ਘੱਟ (7-12), 2707(9-10), 2708(8-0), 2709(9-12), 2710(5-7), 2711(4-9), ਪਿੰਡ ਫਰਵਾਹੀ, ਤਹਿਸੀਲ ਅਤੇ ਜ਼ਿਲ੍ਹਾ ਬਰਨਾਲਾ ਦੀਆਂ ਮਾਲੀਆ ਸੀਮਾਵਾਂ ਦੇ ਅੰਦਰ ਸਥਿਤ ਹੈ, ਸਾਲ 2008-2009 ਲਈ ਜਮ੍ਹਾਂਬੰਦੀ ਰਾਹੀਂ।
ਇਸ ਟ੍ਰਿਬਿਊਨਲ ਦੀ 03-ਮਾਰਚ-2026 ਨੂੰ ਚੰਡੀਗੜ੍ਹ ਵਿਖੇ ਮੇਰੇ ਦਸਤਖ਼ਤ ਅਤੇ ਮੋਹਰ ਹੇਠ ਦਿੱਤੀ ਗਈ ਹੈ।
ਜਸਵੀਰ ਕੌਰ
ਰਿਕਵਰੀ ਅਫਸਰ-2
ਡੀਆਰਟੀ-1, ਚੰਡੀਗੜ੍ਹ



ਵਸੂਲੀ ਅਧਿਕਾਰੀ ਦਾ ਦਫਤਰ-1/2
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)**
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ

ਮੰਗ ਸੂਚਨਾ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./182/2023 ਮਿਤੀ : 10.12.2025
ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਰਾਜ ਕੁਮਾਰ

ਵੱਲ,
(ਸੀਡੀ 1) ਮੈਸਰਜ਼ ਰਾਜ ਕੁਮਾਰ, ਓਪ. ਕੁਮਾਰ ਫਿਲਿੰਗ ਸਟੇਸ਼ਨ ਇਸ ਦੇ ਪ੍ਰੋਪਰਾਈਟਰ ਫਾਜ਼ਿਲਕਾ ਰੋਡ, ਅਬੋਹਰ ਫਾਜ਼ਿਲਕਾ, ਪੰਜਾਬ-152116 ਰਾਹੀਂ।
(ਸੀਡੀ 2) ਸ੍ਰੀ ਰਾਜ ਕੁਮਾਰ ਬੱਤਰਾ ਪੁੱਤਰ ਸ. ਰਾਮ ਚੰਦ, ਥਾਣਾ ਨੰਬਰ 1954, ਸੇਂਟ ਨੰਬਰ 15, ਅਬੋਹਰ ਫਾਜ਼ਿਲਕਾ, ਪੰਜਾਬ।
(ਸੀਡੀ 3) ਸ੍ਰੀਮਤੀ ਸੁਨੀਤਾ ਡੋਡਾ ਨੇ ਸ਼. ਸ਼ਿਵ ਲਾਲ ਡੋਡਾ, ਵਾਸੀ ਸਾਹਮਣੇ ਕੁਮਾਰ ਫਿਲਿੰਗ ਸਟੇਸ਼ਨ, ਫਾਜ਼ਿਲਕਾ ਰੋਡ, ਅਬੋਹਰ, ਫਾਜ਼ਿਲਕਾ ਪੰਜਾਬ।
(ਸੀਡੀ 4) ਸ੍ਰੀ ਅਵਿਨਾਸ਼ ਡੋਡਾ ਪੁੱਤਰ ਸ. ਛਬੀਲ ਦਾਸ, ਵਾਸੀ ਸਾਹਮਣੇ ਕੁਮਾਰ ਫਿਲਿੰਗ ਸਟੇਸ਼ਨ, ਫਾਜ਼ਿਲਕਾ ਰੋਡ, ਅਬੋਹਰ, ਫਾਜ਼ਿਲਕਾ, ਪੰਜਾਬ।
(ਸੀਡੀ 5) ਸ੍ਰੀ ਗਗਨ ਡੋਡਾ ਪੁੱਤਰ ਸ. ਸ਼ਿਵ ਲਾਲ ਡੋਡਾ, ਵਾਸੀ ਸਾਹਮਣੇ ਕੁਮਾਰ ਫਿਲਿੰਗ ਸਟੇਸ਼ਨ, ਫਾਜ਼ਿਲਕਾ ਰੋਡ, ਅਬੋਹਰ, ਫਾਜ਼ਿਲਕਾ, ਪੰਜਾਬ।
(ਸੀਡੀ 6) ਸ੍ਰੀ ਸ਼ਿਵ ਲਾਲ ਪੁੱਤਰ ਸ. ਛਬੀਲ ਦਾਸ, ਵਾਸੀ ਸਾਹਮਣੇ ਕੁਮਾਰ ਫਿਲਿੰਗ ਸਟੇਸ਼ਨ, ਫਾਜ਼ਿਲਕਾ ਰੋਡ, ਅਬੋਹਰ, ਫਾਜ਼ਿਲਕਾ, ਪੰਜਾਬ।
(ਸੀਡੀ 7) ਸ੍ਰੀ ਅਮਿਤ ਅਰੋੜਾ ਪੁੱਤਰ ਸ. ਬਨਵਾਰੀ ਲਾਲ ਅਰੋੜਾ, ਵਾਸੀ 627, ਬਸੰਤ ਐਵੇਨਿਊ ਅੰਮ੍ਰਿਤਸਰ ਪੰਜਾਬ।
(ਸੀਡੀ 8) ਸਨਲ ਡੋਡਾ ਪੁੱਤਰ ਸ੍ਰੀ ਜੋਗਿੰਦਰ ਪਾਲ ਡੋਡਾ ਮਕਾਨ ਨੰ. 80 FF, ਆਨੰਦ ਵਿਹਾਰ, ਪੀਤਮ ਪੁਰਾ, ਨਵੀਂ ਦਿੱਲੀ, ਦਿੱਲੀ।
ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-2) ਓਏ/1837/2019 ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 27.09.2019 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 16.45% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 11,42,57,628.30 (ਰੁਪਏ ਗਿਆਰਾਂ ਕਰੋੜ ਬਿਆਲੀ ਸਤਵੰਜਾ ਹਜ਼ਾਰ ਛੇ ਸੌਅਠਾਈ ਅਤੇ ਤੀਹ ਪੈਸੇਕੇਵਲ) ਦੀ ਰਕਮ ਅਤੇ ਰੁ. 1,50,005/- (ਰੁਪਏ ਇਕ ਲੱਖ ਪੰਜਾਹ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।
2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 27.04.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 10.12.2025 ਨੂੰ ਜਾਰੀ।
ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, ਡੀਆਰਟੀ 1



**ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ, ਪਹਿਲੀ ਮੰਜ਼ਿਲ, ਸ਼ਹੀਦ ਊਧਮ ਸਿੰਘ ਚੌਕ, ਫਿਰੋਜ਼ਪੁਰ

**ਮੰਗ ਸੂਚਨਾ**
ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖ਼ਰੀ ਜਾਣੂੰ ਪਤਿਆਂ 'ਤੇ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (ਾਂ)/ਜ਼ਾਮਨ(ਾਂ) ਦੇ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| 1. ਸ੍ਰੀ ਨਛੱਤਰ ਸਿੰਘ ਪੁੱਤਰ ਕਰਤਾਰ ਸਿੰਘ (ਕਰਜ਼ਦਾਰ), ਹਰਗੋਬਿੰਦ ਨਗਰ, ਚੰਦ ਪੈਲੇਸ ਦੇ ਪਿੱਛੇ, ਤਲਵੰਡੀ ਬਾਈਪਾਸ, ਫਰੀਦਕੋਟ-151203 2. ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ (ਸਹਿ-ਕਰਜ਼ਦਾਰ), ਹਰਗੋਬਿੰਦ ਨਗਰ, ਚੰਦ ਪੈਲੇਸ ਦੇ ਪਿੱਛੇ, ਤਲਵੰਡੀ ਬਾਈਪਾਸ ਫਰੀਦਕੋਟ-151203, ਸ੍ਰੀ ਚਰਨ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਕੁਆਰਟਰ ਨੰਬਰ ਟੀ-25/4, ਨਵਾਂ ਕਿਲਾ ਨੌ ਰੋਡ, ਐਮ.ਈ.ਐਸ. ਕਾਲੋਨੀ, ਫਰੀਦਕੋਟ-151203 (ਜ਼ਾਮਨ) | 0 ਕਨਾਲ 7 ਮਰਲੇ (212.50 ਮੁਰੱਬਾ ਗਜ਼) ਜ਼ਮੀਨ 'ਤੇ ਬਣਾਇਆ ਗਿਆ ਰਿਹਾਇਸ਼ੀ ਮਕਾਨ ਜੋ ਕਿ 25 ਕਨਾਲ 8 ਮਰਲੇ ਦਾ 212/15367 ਹਿੱਸੇ ਹੈ ਜੋ ਕਿ ਖਸਰਾ ਨੰਬਰ 2007/25-8 ਖੇਵਟ ਨੰਬਰ 629/919 ਵਾਕੀਆ ਫਰੀਦਕੋਟ 2, ਅਗਵਾੜ ਬਾਠ, ਗੁਰੂ ਹਰਗੋਬਿੰਦ ਨਗਰ, ਚਾਂਦ ਪੈਲੇਸ ਦੇ ਪਿੱਛੇ ਫਰੀਦਕੋਟ ਵਿਖੇ ਸਥਿਤ, ਜੋ ਕਿ ਵਸੀਕਾ ਨੰਬਰ 3118 ਮਿਤੀ 19.09.2012 ਅਨੁਸਾਰ ਸ੍ਰੀ ਨਛੱਤਰ ਸਿੰਘ ਪੁੱਤਰ ਸ੍ਰੀ ਕਰਤਾਰ ਸਿੰਘ ਦੇ ਨਾਮ 'ਤੇ ਦਰਜ ਹੈ ਅਤੇ ਹੱਦਬੰਦੀ ਪੂਰਬ: ਬਲਵੰਤ ਸਿੰਘ, ਪੱਛਮ: ਬਲਵੰਤ ਸਿੰਘ, ਉੱਤਰ: ਆਮ ਰਸਤਾ 16.5 ਫੁੱਟ ਚੌੜਾ ਦੱਖਣ: ਆਮ ਰਸਤਾ 16.5 ਫੁੱਟ ਚੌੜਾ। | 31.03.2026 | 09.04.2026 | Rs. 13,41,954.93 09.04.2026 ਨੂੰ ਭਵਿੱਖੀ ਵਿਆਜ, ਇਤਫਾਕਿਕ ਖਰਚ, ਲਾਗਤਾਂ, ਖਰਚਿਆਂ ਆਦਿ ਸਮੇਤ |
| 1. ਸ੍ਰੀ ਕ੍ਰਿਸ਼ਨ ਲਾਲ ਪੁੱਤਰ ਮੁਕੰਦ ਸਿੰਘ (ਕਰਜ਼ਦਾਰ) ਮਕਾਨ ਨੰ: 165 ਪੱਕੀ ਗਲੀ, ਜਤਿੰਦਰ ਚੌਕ, ਫਰੀਦਕੋਟ-151203 2. ਸ਼੍ਰੀਮਤੀ ਸਰੋਜ ਬਾਲਾ ਸ੍ਰੀ ਕ੍ਰਿਸ਼ਨ ਲਾਲ (ਸਹਿ-ਕਰਜ਼ਦਾਰ) ਮਕਾਨ ਨੰਬਰ 165 ਪੱਕੀ ਗਲੀ, ਜਤਿੰਦਰ ਚੌਕ, ਫਰੀਦਕੋਟ-151203, ਸ੍ਰੀ ਕੁਨਾਲ ਬਾਂਸਲ ਪੁੱਤਰ ਸ੍ਰੀ ਰਾਜ ਕੁਮਾਰ ਬਾਂਸਲ ਵਾਸੀ ਨਿਊ ਕੈਂਟ ਰੋਡ, ਫਰੀਦਕੋਟ (ਜ਼ਾਮਨ) | ਜਤਿੰਦਰ ਚੌਕ ਫਰੀਦਕੋਟ ਵਿਖੇ ਸਥਿਤ 75 ਵਰਗ ਗਜ਼ ਦੀ ਜ਼ਮੀਨ 'ਤੇ ਬਣਿਆ ਰਿਹਾਇਸ਼ੀ ਮਕਾਨ, ਜਿਸ ਵਿੱਚ ਨਗਰ ਨਿਗਮ ਨੰਬਰ (ਪੁਰਾਣਾ ਬੀ-1/436) ਅਤੇ (ਨਵਾਂ ਬੀ-1/260) ਅਤੇ ਕਸਟੋਡੀਅਨ ਨੰਬਰ ਕੇ-153 ਮਿੰਨ ਸ਼ਾਮਲ ਹੈ, ਜੋ ਕਿ ਟਾਈਟਲ ਡੀਡ ਨੰਬਰ 131 ਮਿਤੀ 16.04.1998 ਅਨੁਸਾਰ ਕ੍ਰਿਸ਼ਨ ਲਾਲ ਪੁੱਤਰ ਮੁਕੰਦ ਸਿੰਘ ਦੇ ਨਾਮ 'ਤੇ ਦਰਜ ਹੈ ਅਤੇ ਹੱਦਬੰਦੀ ਪੂਰਬ: ਗਲੀ ਪੱਛਮ: ਨਰਾਇਣ ਦਾਸ, ਉੱਤਰ: ਜਨਕ ਰਾਣੀ, ਦੱਖਣ: ਜਸਵਤ ਸਿੰਘ ਹੁਣ ਰੋਸ਼ਨ ਲਾਲ। | 01.03.2026 | 07.04.2026 | Rs. 3,14,803.27 07.04.2026 ਨੂੰ ਭਵਿੱਖੀ ਵਿਆਜ, ਇਤਫਾਕਿਕ ਖਰਚ, ਲਾਗਤਾਂ, ਖਰਚਿਆਂ ਆਦਿ ਸਮੇਤ। |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ(ਾਂ) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।
ਮਿਤੀ: 21.04.2026 ਸਥਾਨ : ਫਿਰੋਜ਼ਪੁਰ ਅਧਿਕਾਰਤ ਅਧਿਕਾਰੀ



**ਸਟੇਟ ਬੈਂਕ ਆਫ ਇੰਡੀਆ**
ਸ਼ਾਖਾ ਦਫਤਰ : ਏਐਮਸੀਸੀ, ਫਿਰੋਜ਼ਪੁਰ

**ਕਬਜ਼ਾ ਸੂਚਨਾ** [ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]

ਜਦੋਂ ਕਿ ਭਾਰਤੀ ਸਟੇਟ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਲਾਗੂਕਰਨ ਐਕਟ, 2002 (2002 ਦਾ ਐਕਟ ਨੰ. 54) ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਦਿੱਤੀ ਮਿਤੀ ਨੂੰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਇੱਕ ਮੰਗ ਨੋਟਿਸ ਜਾਰੀ ਕੀਤਾ, ਜਿਸ ਵਿੱਚ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਨੋਟਿਸ ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ।
ਕਰਜ਼ਦਾਰ (ਾਂ)/ਜ਼ਾਮਨ (ਾਂ) ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਾ ਲੈਣ ਵਾਲੇ/ਗਾਰੰਟੀ ਦੇਣ ਵਾਲੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ ਹੇਠਾਂ ਦੱਸੇ ਗਏ ਖਾਤਿਆਂ ਦੇ ਵਿਰੁੱਧ ਦੱਸੀ ਗਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਜਾਣ ਵਾਲੇ ਐਕਟ ਦੀ ਧਾਰਾ 13 ਦੀ ਉਪ ਧਾਰਾ (4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀਆਂ ਗਈਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ/ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ, ਏਐਮਸੀਸੀ, ਫਿਰੋਜ਼ਪੁਰ ਦੇ ਚਾਰਜ ਦੇ ਅਧੀਨ ਹੋਵੇਗਾ ਜੋ ਕਿ ਵਸੂਲੀ ਦੀ ਰਕਮ ਤੋਂ ਘੱਟ ਹੋਵੇਗੀ, ਜੇਕਰ ਉਸ 'ਤੇ ਕੋਈ ਹੋਰ ਫੀਸਾਂ/ਖਰਚੇ, ਲਾਗਤਾਂ ਹਨ।
*ਕਰਜ਼ਦਾਰਾਂ/ਜ਼ਾਮਨਾਂ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।*

| ਖਾਤਾ ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਚੱਲ/ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸਰਜ਼ ਟਿੰਕੂ ਕਾਸਮੈਟਿਕ, ਮੇਨ ਬਜ਼ਾਰ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ - 152023 ਰਾਹੀਂ ਇਸ ਦੇ ਪ੍ਰੋਪ. ਸ੍ਰੀ ਅਨੀਸ਼ ਪੁੱਤਰ ਰਾਜ ਕੁਮਾਰ ਵਾਸੀ ਨੇੜੇ ਨਾਨਕ ਨਿਵਾਸ ਗੁਰਦੁਆਰਾ, ਮਮਦੋਟ ਜਿਲਾ ਫਿਰੋਜ਼ਪੁਰ-152023 (ਕਰਜ਼ਦਾਰ) | ਮੈਸਰਜ਼ ਟਿੰਕੂ ਕਾਸਮੈਟਿਕ, ਪ੍ਰੋਪ ਅਨੀਸ਼ ਪੁੱਤਰ ਸ੍ਰੀ ਰਾਜ ਕੁਮਾਰ, ਮੇਨ ਬਾਜ਼ਾਰ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ-152023 ਦੇ ਨਾਮ 'ਤੇ ਬੈਂਕ ਵਿੱਤ ਨਾਲ ਖਰੀਦੇ ਗਏ ਤੋਹਫ਼ੇ ਦੀਆਂ ਚੀਜ਼ਾਂ, ਗਹਿਣੇ, ਕਾਸਮੈਟਿਕ ਵਸਤੂਆਂ, ਲੇਡੀਜ਼ ਬੈਗ, ਬੈਲਟ, ਰੈਡੀਮੇਡ ਕੱਪੜਿਆਂ ਅਤੇ ਫਿਕਸਚਰ ਦਾ ਗਿਰਵੀਨਾਮਾ | 26.12.2025 | 20.04.2026 | Rs. 2,61,884.00 26.12.2025 ਨੂੰ ਜੇਕਰ ਕੋਈ ਹੈ ਤਾਂ ਘੱਟ ਰਿਕਵਰੀ, ਨਾਲ ਹੀ ਹੋਰ ਵਿਆਜ, ਹੋਰ ਖਰਚੇ ਅਤੇ ਉਸ 'ਤੇ ਖਰਚੇ। |
| 1. ਮੈਸਰਜ਼ ਮਨਚੰਦਾ ਕਰਿਆਨਾ ਸਟੋਰ ਮੇਨ ਰੋਡ ਮੁੱਦਕੀ ਜ਼ਿਲ੍ਹਾ ਫਿਰੋਜ਼ਪੁਰ-142060 ਰਾਹੀਂ ਇਸ ਦੇ ਪ੍ਰੋਪ. ਸ਼੍ਰੀਮਤੀ ਮਨਪ੍ਰੀਤ ਪਤਨੀ ਸ੍ਰੀ ਸੰਨੀ ਮਨਚੰਦਾ ਵਾਸੀ ਵਾਰਡ ਨੰ 4, ਰਣਜੀਤ ਨਗਰ, ਮੁੱਦਕੀ ਜਿਲਾ ਫਿਰੋਜ਼ਪੁਰ -142060 (ਕਰਜ਼ਦਾਰ) | ਮਨਚੰਦਾ ਕਰਿਆਨਾ ਸਟੋਰ ਪ੍ਰੋਪ ਮਿਸ ਮਨਪ੍ਰੀਤ, ਮੇਨ ਰੋਡ ਮੁੱਦਕੀ ਜ਼ਿਲ੍ਹਾ ਫਿਰੋਜ਼ਪੁਰ-142060 ਤੇ ਪਏ ਕਰਿਆਨਾ ਸਮਾਨ, ਕਾਸਮੈਟਿਕ ਵਸਤੂਆਂ, ਲੇਸ, ਕੱਪੜੇ ਅਤੇ ਹੋਰ ਜਨਰਲ ਸਟੋਰ ਵਸਤੂਆਂ ਦਾ ਗਿਰਵੀਨਾਮਾ | 26.12.2025 | 20.04.2026 | Rs. 11,76,180.00 26.12.2025 ਨੂੰ ਜੇਕਰ ਕੋਈ ਹੈ ਤਾਂ ਘੱਟ ਰਿਕਵਰੀ, ਨਾਲ ਹੀ ਹੋਰ ਵਿਆਜ, ਹੋਰ ਖਰਚੇ ਅਤੇ ਉਸ 'ਤੇ ਖਰਚੇ। |

ਮਿਤੀ : 21.04.2026 ਸਥਾਨ : ਮਮਦੋਟ, ਮੁਦਕੀ ਸਹੀ/- ਅਧਿਕਾਰਤ ਅਧਿਕਾਰੀ



**SBI ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ, ਹੁਸ਼ਿਆਰਪੁਰ
[ਨਿਯਮ 8 (1)] ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਦੋਂ ਕਿ, ਹੇਠ ਹਸਤਾਖਰ ਕਰਨ ਵਾਲਾ, ਸਟੇਟ ਬੈਂਕ ਆਫ਼ ਇੰਡੀਆ, ਐਚਐਲਸੀ ਹੁਸ਼ਿਆਰਪੁਰ ਦਾ ਅਧਿਕਾਰਤ ਅਧਿਕਾਰੀ ਹੈ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੀ ਗਈ ਮਿਤੀ 'ਤੇ ਕਰਜ਼ਾ ਲੈਣ ਵਾਲੇ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਉਧਾਰ ਲੈਣ ਵਾਲੇ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਡਿਮਾਂਡ ਨੋਟਿਸ ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ।
ਕਰਜ਼ਦਾਰ/ਜ਼ਾਮਨ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ 'ਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਉਸਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਸੰਪੱਤੀ/ਆਂ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਖਾਸ ਕਰਕੇ ਕਰਜ਼ਦਾਰ/ਜ਼ਾਮਨ ਅਤੇ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ ਦੇ ਚਾਰਜ ਦੇ ਅਧੀਨ ਹੋਵੇਗਾ, ਹੇਠਾਂ ਦੱਸੀ ਗਈ ਰਕਮ ਅਤੇ ਉਸ 'ਤੇ ਹੋਰ ਚਾਰਜ/ਖਰਚੇ।
ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।

| ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਸ੍ਰੀ ਚੰਦ ਪੁੱਤਰ ਸ੍ਰੀ ਵਾਸਦੇਵ, ਵਾਸੀ ਵਾਰਡ ਨੰ. 1, ਵਾਲੀਆ ਮਾਰਕੀਟ, ਫਗਵਾੜਾ ਰੋਡ, ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। ਜ਼ਾਮਨ(ਾਂ): 1. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਚੰਦ। 2. ਸ਼੍ਰੀਮਤੀ ਅਨਾਰ ਦੇਵੀ ਪਤਨੀ ਸ੍ਰੀ ਚੰਦ, ਦੋਵੇਂ ਵਾਸੀ ਵਾਰਡ ਨੰ. 1, ਵਾਲੀਆ ਮਾਰਕੀਟ, ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ। | 5 ਮਰਲੇ ਦੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਕੁੱਲ 11 ਕਨਾਲ ਜ਼ਮੀਨ ਦਾ 5/220 ਹੈ ਜੋ ਕਿ ਖਾਤਾ ਨੰਬਰ 221/239, 543/673, 502/580, ਖਸਰਾ ਨੰਬਰ 46//5/1 (2-6), 35//25/1, (6-11), 35//24/2 (1-14), 25/4 (0-9) ਵਿੱਚ ਸਾਲ 1998-99 ਦੀ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ, ਜੋ ਕਿ ਪਿੰਡ ਮਾਹਿਲਪੁਰ, ਐਚ.ਬੀ. ਨੰਬਰ 308, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵਿਕਰੀ ਡੀਡ ਨੰਬਰ 126 ਮਿਤੀ 29.04.2002, ਜਿਲਦ ਨੰਬਰ 65 ਅਨੁਸਾਰ ਸ੍ਰੀ ਚੰਦ ਪੁੱਤਰ ਸ੍ਰੀ ਵਾਸਦੇਵ ਦੇ ਨਾਮ 'ਤੇ ਸਥਿਤ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਰਸਤਾ 8' ਚੌੜਾ, ਪੱਛਮ: ਸ੍ਰੀ ਹਰਿੰਦਰ ਸਿੰਘ, ਉੱਤਰ: ਸ੍ਰੀ. ਅਮਰੀਕ ਸਿੰਘ ਆਦਿ ਦੱਖਣ: ਖੁਦ | 05.02.2026 | 17.04.2026 | Rs. 8,88,893/- (ਅੱਠ ਲੱਖ ਅਠਾਸੀ ਹਜ਼ਾਰ ਅੱਠ ਸੌ ਤ੍ਰਾਨਵੇਂ ਰੁਪਏ ਕੇਵਲ) 05.02.2026 ਨੂੰ ਹੋਰ ਵਿਆਜ ਅਤੇ ਹੋਰ ਖਰਚੇ ਅਤੇ ਇਸ 'ਤੇ ਖਰਚੇ। |

ਮਿਤੀ : 20.04.2026 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ



**SBI ਸਟੇਟ ਬੈਂਕ ਆਫ ਇੰਡੀਆ**
ਹੋਮ ਲੋਨ ਸੈਂਟਰ, ਹੁਸ਼ਿਆਰਪੁਰ
[ਨਿਯਮ 8 (1)] ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਦੋਂ ਕਿ, ਹੇਠ ਹਸਤਾਖਰ ਕਰਨ ਵਾਲਾ, ਸਟੇਟ ਬੈਂਕ ਆਫ਼ ਇੰਡੀਆ, ਐਚਐਲਸੀ ਹੁਸ਼ਿਆਰਪੁਰ ਦਾ ਅਧਿਕਾਰਤ ਅਧਿਕਾਰੀ ਹੈ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੀ ਗਈ ਮਿਤੀ 'ਤੇ ਕਰਜ਼ਾ ਲੈਣ ਵਾਲੇ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਉਧਾਰ ਲੈਣ ਵਾਲੇ ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਡਿਮਾਂਡ ਨੋਟਿਸ ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ।
ਕਰਜ਼ਦਾਰ/ਜ਼ਾਮਨ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਖਾਤੇ ਦੇ ਵਿਰੁੱਧ ਦੱਸੀ ਗਈ ਮਿਤੀ 'ਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 ਅਤੇ 9 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 ਦੀ ਉਪ-ਧਾਰਾ (4) ਦੇ ਤਹਿਤ ਉਸਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਸੰਪੱਤੀ/ਆਂ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਖਾਸ ਕਰਕੇ ਕਰਜ਼ਦਾਰ/ਗਾਰੰਟਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਨਾ ਕਰਨ ਅਤੇ ਸੰਪੱਤੀ/ਆਂ ਨਾਲ ਕੋਈ ਵੀ ਲੈਣ-ਦੇਣ ਸਟੇਟ ਬੈਂਕ ਆਫ਼ ਇੰਡੀਆ ਦੇ ਚਾਰਜ ਦੇ ਅਧੀਨ ਹੋਵੇਗਾ, ਹੇਠਾਂ ਦੱਸੀ ਗਈ ਰਕਮ ਅਤੇ ਉਸ 'ਤੇ ਹੋਰ ਚਾਰਜ/ਖਰਚੇ।
ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।

| ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਸ੍ਰੀ ਰਾਜੂ ਪੁੱਤਰ ਸ੍ਰੀ ਸ਼ਮਸ਼ੇਰ ਸਿੰਘ, ਵਾਸੀ ਮੁਹੱਲਾ ਰਵਿਦਾਸ ਨਗਰ, ਗੁੱਗਾ ਪੀਰ ਵਾਲੀ ਗਲੀ, ਹੁਸ਼ਿਆਰਪੁਰ - 146001. ਬਦਲਵਾਂ ਪਤਾ: ਮਕਾਨ ਨੰ. 6, ਗਲੀ ਨੰ. 1, ਅਸਲਾਮਾਬਾਦ, ਹੋਸਲਾਰਪੁਰ। | 2 ਮਰਲੇ 206 ਵਰਗ ਫੁੱਟ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਸਾਲ 2014-15 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 199/211, 393/433, 483/544 ਖਸਰਾ ਨੰਬਰ 1//24 (7-2), 7//4/1 (6-0), 1//17 (0-11), 7//4/2 (3-0) ਵਿੱਚ ਸ਼ਾਮਲ ਹੈ, ਜੋ ਕਿ ਪਿੰਡ ਸ਼ੇਰਗੜ੍ਹ ਹੱਦਬਸਤ ਨੰਬਰ 250, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਵਸੀਕਾ ਨੰਬਰ 2524 ਮਿਤੀ 27.06.2016 ਜਿਲਦ ਨੰਬਰ 4367 ਅਨੁਸਾਰ ਸ੍ਰੀ ਰਾਜੂ ਪੁੱਤਰ ਸ੍ਰੀ ਸ਼ਮਸ਼ੇਰ ਸਿੰਘ ਦੇ ਨਾਮ 'ਤੇ ਸਥਿਤ ਹੈ, ਜਿਸਦੀ ਹੱਦਬੰਦੀ ਨਿਮਨ ਅਨੁਸਾਰ ਹੈ: ਪੂਰਬ: ਹੋਰ ਮਾਲਕ, ਪੱਛਮ: ਹੋਰ ਮਾਲਕ, ਉੱਤਰ: ਰਸਤਾ 20' ਚੌੜਾ, ਦੱਖਣ: ਸ੍ਰੀ ਅਮਰੀਕ ਸਿੰਘ। | 11.12.2025 ਨੂੰ ਅਖ਼ਬਾਰ ਵਿਚ ਪ੍ਰਕਾਸ਼ਿਤ) on 17.01.2026 | 17.04.2026 | Rs. 11,52,108/- (ਗਿਆਰਾਂ ਲੱਖ ਬਵੰਜਾ ਹਜ਼ਾਰ ਇੱਕ ਸੌ ਅੱਠ ਰੁਪਏ ਕੇਵਲ) 10.12.2025 ਨੂੰ ਅਤੇ ਹੋਰ ਵਿਆਜ ਅਤੇ ਇਸ 'ਤੇ ਹੋਰ ਖਰਚੇ। |

ਮਿਤੀ : 20.04.2026 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ

# ਐਡਬਲਯੂਐਸ ਨੇ ਇੰਡੀਆ.ਏ.ਆਈ ਮਿਸ਼ਨ ਨੂੰ ਏ.ਆਈ ਇਨਫ੍ਰਾਸਟਰਕਚਰ ਮੁਹੱਈਆ ਕਰਵਾਉਣ ਲਈ ਐਸਐਚਆਈ ਨਾਲ ਸਹਿਯੋਗ ਕੀਤਾ

ਚੰਡੀਗੜ੍ਹ, 20 ਅਪ੍ਰੈਲ, (ਚ..ਨ.ਸ.) : ਅੱਜ ਅਮੇਜ਼ਾਨ ਵੇਬ ਸਰਵਿਸਿਜ਼ (ਐਡਬਲਯੂਐਸ) ਨੇ ਇੰਡੀਆ.ਏ.ਆਈ ਮਿਸ਼ਨ ਦੇ ਤਹਿਤ ਦੇਸੀ ਏ.ਆਈ ਮਾਡਲਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਐਡਬਲਯੂਐਸ ਪਾਰਟਨਰ ਨੈਟਵਰਕ (ਏਪੀਐਨ) ਭਾਗੀਦਾਰ ਐਸਐਚਆਈ ਇੰਡੀਆ (ਪਹਿਲਾਂ ਲੋਕਜ਼) ਨਾਲ ਸਹਿਯੋਗ ਕੀਤਾ। ਇਸ ਪਹਿਲ ਦੇ ਤਹਿਤ ਭਾਰਤ ਵਿੱਚ ਸਰਕਾਰੀ ਵਿਭਾਗਾਂ, ਸਟਾਰਟਅੱਪਸ, ਐਂਟਰਪ੍ਰਾਈਜ਼, ਸਿੱਖਿਆ ਸੰਸਥਾਵਾਂ ਅਤੇ ਆਰਐਂਡਡੀ ਸੰਸਥਾਵਾਂ ਨੂੰ ਏ.ਆਈ ਸਮਰੱਥਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇੰਡੀਆ.ਏ.ਆਈ ਮਿਸ਼ਨ ਦੇ ਪੈਨਲ ਵਿੱਚ ਸ਼ਾਮਲ ਐਸਐਚਆਈ ਪਹਿਲਾਂ ਹੀ ਅਮੇਜ਼ਾਨ ਸੇਜਮੇਕਰ ਵਰਗੀਆਂ ਐਡਬਲਯੂਐਸ ਸੇਵਾਵਾਂ ਪ੍ਰਦਾਨ ਕਰ ਚੁੱਕੀ ਹੈ, ਜਿਸ ਨਾਲ ਸੰਸਥਾਵਾਂ ਨੂੰ ਜਟਿਲ ਏ.ਆਈ ਇਨਫ੍ਰਾਸਟਰਕਚਰ ਦੇ ਮਾਹਰ ਹੋਣ ਤੋਂ ਬਿਨਾਂ ਹੀ ਵੱਡੇ ਲੈਂਗਵੇਜ ਮਾਡਲਾਂ ਨੂੰ ਟ੍ਰੇਨ ਅਤੇ ਕਸਟਮਾਈਜ਼ ਕਰਨ ਵਿੱਚ ਮਦਦ ਮਿਲੀ ਹੈ।ਐਡਬਲਯੂਐਸ ਦੀ ਜਨਰੇਟਿਵ ਏ.ਆਈ ਟੈਕਨੋਲੋਜੀ, ਐਸਐਚਆਈ ਦੀਆਂ ਸਥਾਨਕ ਕਾਰਗੁਜ਼ਾਰੀ ਸਮਰੱਥਾਵਾਂ ਨਾਲ ਮਿਲ ਕੇ, ਅਮੇਜ਼ਾਨ ਬੈਡਰਾਕ ਅਤੇ ਅਮੇਜ਼ਾਨ ਸੇਜਮੇਕਰ ਰਾਹੀਂ ਭਾਰਤ ਵਿੱਚ ਟੈਕਨੋਲੋਜੀਕਲ ਆਤਮਨਿਰਭਰਤਾ ਅਤੇ ਏ.ਆਈ ਲੀਡਰਸ਼ਿਪ ਦੇ ਵਿਕਾਸ ਨੂੰ ਮਜ਼ਬੂਤ ਕਰੇਗੀ। ਅਮੇਜ਼ਾਨ ਸੇਜਮੇਕਰ ਆਟੋਮੇਟਡ ਕਲੱਸਟਰ ਸੈਟਅੱਪ, ਚੈਕਪੋਇੰਟ-ਰਹਿਤ ਟ੍ਰੇਨਿੰਗ ਅਤੇ ਸੈਲਫ-ਹੀਲਿੰਗ ਨੋਡ ਰਿਕਵਰੀ ਰਾਹੀਂ ਵੱਡੇ ਪੱਧਰ 'ਤੇ ਜੀਪੀਯੂ ਅਧਾਰਿਤ ਮਾਡਲ ਟ੍ਰੇਨਿੰਗ ਨਾਲ ਜੁੜੀਆਂ ਆਪਰੇਸ਼ਨਲ ਚੁਣੌਤੀਆਂ ਦਾ ਹੱਲ ਪੇਸ਼ ਕਰਦਾ ਹੈ। ਆਟੋਮੇਸ਼ਨ ਨਾਲ ਵੱਡੇ ਜੀਪੀਯੂ ਕਲੱਸਟਰਾਂ ਨੂੰ ਸੰਭਾਲਣ ਦੀ ਜਟਿਲਤਾ ਘੱਟ ਹੁੰਦੀ ਹੈ। ਜੇ ਨੋਡ ਫੇਲ ਵੀ ਹੋ ਜਾਵੇ, ਤਾਂ ਸੰਸਥਾਵਾਂ ਬਿਨਾਂ ਮੈਨੂਅਲ ਦਖਲ ਦੇ ਲਗਾਤਾਰ ਟ੍ਰੇਨਿੰਗ ਜਾਰੀ ਰੱਖ ਸਕਦੀਆਂ ਹਨ, ਜਿਸ ਨਾਲ ਫਾਊਂਡੇਸ਼ਨ ਮਾਡਲ ਵਿਕਾਸ ਲਈ ਸਮਾਂ ਅਤੇ ਲਾਗਤ ਵਿੱਚ ਕਾਫ਼ੀ ਕਮੀ ਆਉਂਦੀ ਹੈ।

# ਵਿਧਾਇਕ ਅਨਮੋਲ ਗਗਨ ਮਾਨ ਵੱਲੋਂ ਬਲਾਕ ਮਾਜਰੀ ਤੋਂ ਬਿੰਦਰਖ ਤੱਕ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ



ਮੁੱਲਾਂਪੁਰ ਗਰੀਬਦਾਸ,20 ਅਪ੍ਰੈਲ (ਸਰਬਜੀਤ ਸਿੰਘ) : ਹਲਕਾ ਖਰੜ ਦੀ ਵਿਧਾਇਕ ਅਨਮੋਲ ਗਗਨ ਮਾਨ ਵੱਲੋਂ ਅੱਜ ਬਲਾਕ ਮਾਜਰੀ ਤੋਂ ਬਿੰਦਰਖ ਤੱਕ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ। ਇਲਾਕਾ ਵਾਸੀਆਂ ਵੱਲੋਂ ਕਾਫ਼ੀ ਸਮੇਂ ਤੋਂ ਇਸ ਸੜਕ ਦੇ ਨਿਰਮਾਣ ਦੀ ਮੰਗ ਕੀਤੀ ਜਾ ਰਹੀ ਸੀ, ਜਿਸਨੂੰ ਹੁਣ ਪੂਰਾ ਕਰ ਦਿੱਤਾ ਗਿਆ ਹੈ।ਇਸ ਮੌਕੇ ਜਾਣਕਾਰੀ ਦਿੰਦਿਆਂ ਵਿਧਾਇਕ ਅਨਮੋਲ ਗਗਨ ਮਾਨ ਨੇ ਇਲਾਕਾ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਇਲਾਕੇ ਵਿੱਚ ਆਵਾਜਾਈ ਹੋਰ ਸਰਲ ਹੋਵੇਗੀ। ਇਸ ਸੜਕ ਦਾ ਨਿਰਮਾਣ ਲਗਭਗ 5 ਕਰੋੜ 40 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ, ਜਿਸ ਨਾਲ ਇਲਾਕੇ ਦੇ ਕਈ ਪਿੰਡਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਇਲਾਕੇ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਗਾਤਾਰ ਵਿਕਾਸ ਕਾਰਜ ਕਰਵਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਹਲਕਾ ਖਰੜ ਦੇ ਵੱਖ-ਵੱਖ ਇਲਾਕਿਆਂ ਵਿੱਚ ਹੋਰ ਵਿਕਾਸੀ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।ਇਸ ਮੌਕੇ ਸਰਵਜੋਤ ਮਾਨ, ਸੁਖਵਿੰਦਰ ਸਿੰਘ ਬਿੱਟੂ (ਚੇਅਰਮੈਨ ਮਾਰਕੀਟ ਕਮੇਟੀ ਖਰੜ), ਹਰੀਸ਼ ਰਾਣਾ (ਚੇਅਰਮੈਨ ਮਾਰਕੀਟ ਕਮੇਟੀ ਕੁਰਾਲੀ), ਨਵਦੀਪ ਸਿੰਘ (ਸੰਗਠਨ ਇੰਚਾਰਜ), ਹਰਪ੍ਰੀਤ ਕੌਰ (ਹਲਕਾ ਕੋਆਰਡੀਨੇਟਰ), ਹਰਿੰਦਰ ਸਿੰਘ (ਹਲਕਾ ਕੋਆਰਡੀਨੇਟਰ), ਜਗਤਾਰ ਸਿੰਘ (ਹਲਕਾ ਕੋਆਰਡੀਨੇਟਰ), ਜਸਪ੍ਰੀਤ ਸਿੰਘ (ਸਰਪੰਚ, ਬਰਸਾਲਪੁਰ), ਜੱਗੀ ਕਾਦੀ ਮਾਜਰਾ ਸਮੇਤ ਕਈ ਹੋਰ ਪਾਰਟੀ ਆਗੂ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਮੌਜੂਦ ਸਨ।

# 'ਗੈਂਗਸਟਰਾਂ 'ਤੇ ਵਾਰ' ਨਾਲ ਕਈ ਗੈਂਗਸਟਰ ਨੈੱਟਵਰਕਾਂ ਨੂੰ ਖਤਮ ਕੀਤਾ 3 ਮਹੀਨਿਆਂ ਵਿੱਚ 49,298 ਅਪਰਾਧੀ ਪੁਲਿਸ ਸ਼ਿਕੰਜੇ 'ਚ

ਡੇਰਾਬੱਸੀ, 20 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਪੰਜਾਬ ਵਿੱਚ ਸੰਗਠਿਤ ਅਪਰਾਧ ਦੇ ਖ਼ਿਲਾਫ਼ ਚੱਲ ਰਹੀ ਸਖ਼ਤ ਕਾਰਵਾਈ ਨੇ ਤੇਜ਼ ਰਫ਼ਤਾਰ ਫੜ ਲਈ ਹੈ। ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸਮੁੱਚੇ ਰਾਜ ਪੱਧਰ 'ਤੇ ਚਲਾਏ ਜਾ ਰਹੇ ਮੁੱਖ ਐਂਟੀ-ਗੈਂਗਸਟਰ ਅਭਿਆਨ 'ਗੈਂਗਸਟਰਾਂ 'ਤੇ ਵਾਰ' ਦੇ ਤਿੰਨ ਮਹੀਨੇ ਪੂਰੇ ਹੋ ਚੁੱਕੇ ਹਨ। ਇਹ ਅਭਿਆਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਗਰਾਨੀ ਹੇਠ ਅਤੇ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਵਿੱਚ ਪੰਜਾਬ ਪੁਲਿਸ ਵੱਲੋਂ ਚਲਾਇਆ ਜਾ ਰਿਹਾ ਹੈ। ਇਹ ਆਪਰੇਸ਼ਨ ਠੋਸ ਕਾਰਵਾਈ ਦਾ ਇੱਕ ਮਾਡਲ ਬਣ ਕੇ ਉੱਭਰਿਆ ਹੈ, ਜੋ ਭਾਰਤ ਦੇ ਅੰਦਰ ਅਤੇ ਵਿਦੇਸ਼ਾਂ ਤੋਂ ਚੱਲ ਰਹੇ ਗੈਂਗਸਟਰ ਨੈੱਟਵਰਕ ਨੂੰ ਨਿਸ਼ਾਨਾ ਬਣਾਉਂਦਾ ਹੋਇਆ ਪੰਜਾਬ ਨੂੰ ਅਪਰਾਧ-ਮੁਕਤ ਬਣਾਉਣ ਦੇ ਸਪੱਸ਼ਟ ਉਦੇਸ਼ ਨਾਲ ਅੱਗੇ ਵਧ ਰਿਹਾ ਹੈ।

20 ਜਨਵਰੀ ਨੂੰ ਸ਼ੁਰੂ ਕੀਤੇ ਗਏ ਇਸ ਅਭਿਆਨ ਦਾ ਮਕਸਦ ਸਿਰਫ਼ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਨਾ ਹੀ ਨਹੀਂ, ਸਗੋਂ ਉਨ੍ਹਾਂ ਦੇ ਲਾਜਿਸਟਿਕ ਨੈੱਟਵਰਕ, ਫੰਡਿੰਗ ਅਤੇ ਸੰਚਾਰ ਸਿਸਟਮ ਨੂੰ ਵੀ ਖਤਮ ਕਰਨਾ ਸੀ। ਪਿਛਲੇ ਤਿੰਨ ਮਹੀਨਿਆਂ ਵਿੱਚ 19 ਅਪ੍ਰੈਲ ਤੱਕ ਪੰਜਾਬ ਪੁਲਿਸ ਨੇ ਰਾਜ ਭਰ ਵਿੱਚ 62,302 ਛਾਪੇ ਮਾਰੇ, ਜਿਨ੍ਹਾਂ ਵਿੱਚ 915 ਭਗੌੜੇ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕੁੱਲ ਮਿਲਾ ਕੇ 22,605 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚ 461 ਗੈਂਗਸਟਰਾਂ ਦੇ ਸਾਥੀ ਅਤੇ 22,144 ਲੋੜੀਂਦੇ ਮੁਲਜ਼ਮ ਸ਼ਾਮਲ ਹਨ।ਇਸ ਅਭਿਆਨ ਹੇਠ ਨਿਵਾਰਕ ਕਾਰਵਾਈ 'ਤੇ ਵੀ ਕਾਫ਼ੀ ਜ਼ੋਰ ਦਿੱਤਾ ਗਿਆ। ਕੁੱਲ 10,254 ਮੁਲਜ਼ਮਾਂ ਨੂੰ ਨਿਵਾਰਕ ਹਿਰਾਸਤ ਵਿੱਚ ਲਿਆ ਗਿਆ, ਜਿਨ੍ਹਾਂ ਵਿੱਚ 444 ਸਾਥੀ ਅਤੇ 9,810 ਲੋੜੀਂਦੇ ਮੁਲਜ਼ਮ ਸਨ। ਇਸ ਤੋਂ ਇਲਾਵਾ 16,439 ਲੋਕਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ, ਜਿਨ੍ਹਾਂ ਵਿੱਚ 1,277 ਸਾਥੀ ਅਤੇ



15,162 ਲੋੜੀਂਦੇ ਮੁਲਜ਼ਮ ਸ਼ਾਮਲ ਸਨ। ਕੁੱਲ ਮਿਲਾ ਕੇ ਇਸ ਅਭਿਆਨ ਦੌਰਾਨ 49,298 ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ, ਜਿਨ੍ਹਾਂ ਵਿੱਚ 2,182 ਸਾਥੀ ਅਤੇ 47,116 ਲੋੜੀਂਦੇ ਮੁਲਜ਼ਮ ਸ਼ਾਮਲ ਹਨ, ਜੋ ਕਾਰਵਾਈ ਦੀ ਗਹਿਰਾਈ ਅਤੇ ਵਿਸ਼ਾਲਤਾ ਨੂੰ ਦਰਸਾਉਂਦਾ ਹੈ।ਗ੍ਰਿਫ਼ਤਾਰੀਆਂ ਦੇ ਨਾਲ-ਨਾਲ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਵਿਸਫੋਟਕ ਵੀ ਬਰਾਮਦ ਕੀਤੇ ਗਏ, ਜਿਸ ਨਾਲ ਅਪਰਾਧੀ ਨੈੱਟਵਰਕ ਦੀ ਕਾਰਵਾਈ ਸਮਰੱਥਾ ਕਮਜ਼ੋਰ ਹੋਈ। ਪੁਲਿਸ ਨੇ ਇਸ ਦੌਰਾਨ 408 ਹਥਿਆਰ, 148 ਤੇਜ਼ਧਾਰ ਹਥਿਆਰ, 1197 ਕਾਰਤੂਸ, 122 ਮੈਗਜ਼ੀਨ, 2.5 ਕਿਲੋਗ੍ਰਾਮ ਵਿਸਫੋਟਕ ਅਤੇ 6 ਹੈਂਡ ਗ੍ਰੇਨੇਡ ਬਰਾਮਦ ਕੀਤੇ। ਇਸ ਅਭਿਆਨ ਨੇ ਨਸ਼ੇ ਦੇ ਨੈੱਟਵਰਕ 'ਤੇ ਵੀ ਵੱਡਾ ਪ੍ਰਹਾਰ ਕੀਤਾ। ਪੁਲਿਸ ਨੇ 378.45 ਕਿਲੋਗ੍ਰਾਮ ਹੈਰੋਇਨ, 301.947 ਕਿਲੋਗ੍ਰਾਮ ਅਫੀਮ, 2,838.77 ਕਿਲੋਗ੍ਰਾਮ ਭੁੱਕੀ, 12,37,318 ਨਸ਼ੀਲੀਆਂ ਗੋਲੀਆਂ, 7373.82 ਗ੍ਰਾਮ ਨਸ਼ੀਲਾ ਪਾਊਡਰ, 101.459 ਕਿਲੋਗ੍ਰਾਮ ਗਾਂਜਾ ਅਤੇ 790 ਗ੍ਰਾਮ 'ਆਈਈਸੀ' ਬਰਾਮਦ ਕੀਤੀ। ਇਸ ਤੋਂ ਇਲਾਵਾ 1,05,31,171 ਰੁਪਏ ਦੀ ਡਰੱਗ ਮਨੀ, 50,66,740 ਰੁਪਏ ਨਕਦ ਅਤੇ 273 ਗ੍ਰਾਮ ਸੋਨਾ ਵੀ ਜ਼ਬਤ ਕੀਤਾ ਗਿਆ।ਗੈਰ-ਕਾਨੂੰਨੀ ਵਪਾਰ 'ਤੇ ਲਗਾਮ ਕਸਦੇ ਹੋਏ ਪੁਲਿਸ ਨੇ 24,520.25 ਲੀਟਰ ਗੈਰਕਾਨੂੰਨੀ ਸ਼ਰਾਬ ਵੀ ਜ਼ਬਤ ਕੀਤੀ, ਜਿਸ ਵਿੱਚ 10,984.75 ਬੋਤਲਾਂ ਅਤੇ 176 ਪੇਟੀਆਂ ਸ਼ਾਮਲ ਹਨ। ਗੈਂਗਸਟਰਾਂ ਦੇ ਲਾਜਿਸਟਿਕ ਨੈੱਟਵਰਕ ਨੂੰ ਤੋੜਨ ਲਈ 4,229 ਮੋਬਾਈਲ ਫੋਨ, 815 ਵਾਹਨ ਅਤੇ 31 ਡਰੋਨ ਬਰਾਮਦ ਕੀਤੇ।ਐਂਟੀ ਗੈਂਗਸਟਰ ਟਾਸਕ ਫੋਰਸ ਦੇ ਏਡੀਜੀਪੀ ਪ੍ਰਮੋਦ ਬਾਨ ਨੇ ਕਿਹਾ,ਇਹ ਅਭਿਆਨ ਸਿਰਫ਼ ਗੈਂਗ ਜਾਂ ਉਨ੍ਹਾਂ ਦੇ ਨੈੱਟਵਰਕ ਦੀ ਪਛਾਣ ਤੱਕ ਸੀਮਿਤ ਨਹੀਂ, ਸਗੋਂ ਕਰਨਾ ਇਸ ਦਾ ਮੁੱਖ ਉਦੇਸ਼ ਉਨ੍ਹਾਂ ਨੂੰ ਜੜ੍ਹੋਂ ਖਤਮ ਹੈ। ਹਰ ਪੁਲਿਸ ਕਰਮਚਾਰੀ ਰਾਜ ਦੇ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਲਈ ਇਸ ਅਭਿਆਨ ਨੂੰ ਹੋਰ ਤੇਜ਼ ਕਰਨ ਲਈ ਵਚਨਬੱਧ ਹੈ। ਇਸ ਦੌਰਾਨ ਹਰ ਜ਼ਿਲ੍ਹੇ, ਪਿੰਡ ਅਤੇ ਸ਼ਹਿਰ ਵਿੱਚ ਸਥਾਨਕ ਗੈਂਗਸਟਰ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ।ਉਹਨਾਂ ਨੇ ਅੱਗੇ ਕਿਹਾ, ਤਿੰਨ ਮਹੀਨਿਆਂ ਵਿੱਚ ਇਸ ਅਭਿਆਨ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਹੁਣ ਸਿਰਫ਼ ਗੈਂਗਸਟਰ ਹੀ ਨਹੀਂ, ਸਗੋਂ ਉਨ੍ਹਾਂ ਦੇ ਸਮਰਥਕ ਵੀ ਕਾਰਵਾਈ ਤੋਂ ਡਰ ਰਹੇ ਹਨ। ਪੁਲਿਸ ਦੀ ਸਰਗਰਮ ਭੂਮਿਕਾ ਅਤੇ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਦਾ ਪੱਧਰ ਇਸ ਅਭਿਆਨ ਦੀ ਸਫਲਤਾ ਨੂੰ ਦਰਸਾਉਂਦਾ ਹੈ।ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੇ ਅਭਿਆਨ ਤੋਂ ਪ੍ਰੇਰਣਾ ਲੈਂਦੇ ਹੋਏ ਪੰਜਾਬ ਸਰਕਾਰ ਨੇ ਇਸ ਮੁਹਿੰਮ ਨੂੰ ਸੰਗਠਿਤ ਅਪਰਾਧ 'ਤੇ ਇੱਕ ਵਿਆਪਕ ਪ੍ਰਹਾਰ ਵਜੋਂ ਤਿਆਰ ਕੀਤਾ ਹੈ। ਇਸ ਆਪਰੇਸ਼ਨ ਵਿੱਚ ਅਪਰਾਧੀਆਂ ਦੀ ਟ੍ਰੈਕਿੰਗ ਅਤੇ ਨਿਗਰਾਨੀ ਲਈ ਆਰਟੀਫ਼ਿਸ਼ਲ ਇੰਟੈਲੀਜੈਂਸ ਸਮੇਤ ਆਧੁਨਿਕ ਤਕਨਾਲੋਜੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਨਾਲ ਹੀ ਨਾਗਰਿਕ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਅਤੇ ਭਰੋਸੇਯੋਗ ਜਾਣਕਾਰੀ 'ਤੇ ਇਨਾਮ ਦੇਣ ਲਈ ਐਂਟੀ-ਗੈਂਗਸਟਰ ਹੈਲਪਲਾਈਨ (93946-93946) ਵੀ ਸ਼ੁਰੂ ਕੀਤੀ ਗਈ ਹੈ।ਏਡੀਜੀਪੀ ਪ੍ਰਮੋਦ ਬਾਨ ਨੇ ਕਿਹਾ, ਹੁਣ ਪੰਜਾਬ ਪੁਲਿਸ ਕੋਲ 'ਗੈਂਗਸਟਰਾਂ 'ਤੇ ਵਾਰ' ਆਪਰੇਸ਼ਨ ਰਾਹੀਂ ਅਪਰਾਧੀਆਂ ਨੂੰ ਤੇਜ਼ੀ ਨਾਲ ਟ੍ਰੈਕ ਕਰਨ ਲਈ ਵਿਆਪਕ ਡਾਟਾ ਮੌਜੂਦ ਹੈ।

# ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਅਤੇ ਸੀਨੀਅਰ ਆਗੂ ਗੁਰਦਰਸ਼ਨ ਸਿੰਘ ਸੈਣੀ ਵੱਲੋਂ ਡੇਰਾਬੱਸੀ ਮੰਡੀਆਂ ਦਾ ਦੌਰਾ



ਗੁਲਜਾਰ ਸਿੰਘ ਟਿਵਾਣਾ, ਮੇਜਰ ਸਿੰਘ ਪਰਾਗਪੁਰ, ਗੁਰਜੰਟ ਸਿੰਘ, ਢੇਰੂ ਲੰਬੜਦਾਰ, ਗੁਰਮੀਤ ਟਿਵਾਣਾ, ਬਾਂਸਲ ਜੀ ਅਤੇ ਰਿੰਕੂ ਜਨਤਪੁਰ ਸਮੇਤ ਵੱਡੀ ਗਿਣਤੀ ਵਿੱਚ ਸਥਾਨਕ ਆਗੂ ਅਤੇ ਵਰਕਰ ਹਾਜ਼ਰ ਸਨ, ਜਿਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਰਿਆਇਤਾਂ ਲਈ ਧੰਨਵਾਦ ਪ੍ਰਗਟਾਇਆ।

ਡੇਰਾਬੱਸੀ, 20 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਡੇਰਾਬਸੀ ਇਲਾਕੇ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਦਿਆਂ ਅੱਜ ਰਾਜਸਭਾ ਮੈਂਬਰ ਸਤਨਾਮ ਸਿੰਘ ਸੰਧੂ ਅਤੇ ਭਾਜਪਾ ਦੇ ਸੀਨੀਅਰ ਆਗੂ ਗੁਰਦਰਸ਼ਨ ਸਿੰਘ ਸੈਣੀ ਨੇ ਸਾਂਝੇ ਤੌਰ 'ਤੇ ਡੇਰਾਬੱਸੀ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ। ਇਸ ਮੌਕੇ ਦੋਵਾਂ ਆਗੂਆਂ ਨੇ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।
ਮੀਡੀਆ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਬੇਮੌਸਮੀ ਬਾਰਿਸ਼ ਕਾਰਨ ਪੰਜਾਬ ਦੇ ਕਿਸਾਨਾਂ ਸਿਰ ਪੈਦਾ ਹੋਏ ਵੱਡੇ ਸੰਕਟ ਨੂੰ ਦੇਖਦਿਆਂ, ਜਦੋਂ ਇਹ ਮਾਮਲਾ ਕੇਂਦਰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੁਰੰਤ ਕਾਰਵਾਈ ਕਰਦਿਆਂ ਕਣਕ ਦੀ ਖਰੀਦ ਲਈ ਲੋੜੀਂਦੀਆਂ ਰਿਆਇਤਾਂ ਜਾਰੀ ਕਰ ਦਿੱਤੀਆਂ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਖਰੀਦ ਨੂੰ ਸੁਚਾਰੂ ਬਣਾਉਣ ਲਈ ਪੰਜਾਬ ਨੂੰ 35,000 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਿਟ ਪਹਿਲਾਂ ਹੀ ਜਾਰੀ ਕਰ ਦਿੱਤੀ ਸੀ, ਜਿਸ ਸਦਕਾ ਹੁਣ ਤੱਕ ਸੂਬੇ ਵਿੱਚ 39 ਲੱਖ ਮੈਟਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ। ਜਦੋਂ ਕਿ 1 ਲੱਖ 22 ਹਜਾਰ ਤੋਂ ਲੈ ਕੇ 1 ਲੱਖ 25 ਹਜਾਰ ਮੀਟਰ ਟਨ ਕਣਕ ਖਰੀਦਣ ਦਾ ਸਰਕਾਰ ਦਾ ਟੀਚਾ ਹੈ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਥਾਨਕ ਸੀਨੀਅਰ ਆਗੂ ਗੁਰਦਰਸ਼ਨ ਸਿੰਘ ਸੈਣੀ ਨੇ ਕਿਸਾਨੀ ਮੁੱਦਿਆਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਉਹ ਇਲਾਕੇ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਭਲੀ-ਭਾਂਤ ਜਾਣੂ ਹਨ ਅਤੇ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਲੇਬਰ ਦੀ ਕਮੀ ਅਤੇ ਕਿਤੇ-ਕਿਤੇ ਵਾਰਦਾਨੇ ਦੀ ਆ ਰਹੀ ਦਿੱਕਤ ਨੂੰ ਪ੍ਰਸ਼ਾਸਨ ਅਤੇ ਆੜ੍ਹਤੀਆਂ ਨਾਲ ਮਿਲ ਕੇ ਤੁਰੰਤ ਹੱਲ ਕਰਵਾਇਆ ਜਾ ਰਿਹਾ ਹੈ। ਸੈਣੀ ਨੇ ਸਪੱਸ਼ਟ ਕੀਤਾ ਕਿ ਭਾਜਪਾ ਦੀ ਪਹਿਲਕਦਮੀ ਸਦਕਾ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਚੁੱਕਿਆ ਜਾਵੇਗਾ ਅਤੇ ਅਗਲੇ ਇੱਕ ਹਫ਼ਤੇ ਵਿੱਚ ਖਰੀਦ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਭਾਜਪਾ ਆਗੂ ਮਿੰਟਾ ਸੈਣੀ,

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ ਕੀਰਤਨ ਸਮਾਗਮ

ਲੁਧਿਆਣਾ,20 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਐਤਵਾਰ ਦੇ ਹਫ਼ਤਾਵਾਰੀ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ । ਸਮਾਗਮਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ । ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ। ਗੁਰੂ ਘਰ ਦੇ ਹਜ਼ੂਰੀ ਕੀਰਤਨੀ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਗੁਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ । ਸ਼ਾਮ ਦੇ ਸਮਾਗਮਾਂ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ । ਸੋਦਰ ਰਹਿਰਾਸ ਦੀ ਚੌਂਕੀ ਤੋਂ ਬਾਅਦ ਭਾਈ ਜਸਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਖੰਡੇ ਬਾਟੇ



ਦੀ ਪਾਹੁਲ ਛਕ ਕੇ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਵਾਸਤੇ ਪ੍ਰੇਰਿਤ ਕੀਤਾ । ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ । ਮਲਕੀਤ ਸਿੰਘ, ਦਰਸ਼ਨ ਸਿੰਘ ਅਤੇ ਗੁਰਦੀਪ ਸਿੰਘ ਕਾਲੜਾ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਜਸਵਿੰਦਰ ਸਿੰਘ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਅਨੰਦ ਮਾਨਣ ਅਤੇ ਆਪਣਾ ਜੀਵਨ ਸਫਲਾ ਕਰਨ। ਸੰਗਤਾਂ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਸੀਨੀਅਰ ਮੈਂਬਰ ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚਗਰ, ਮਲਕੀਤ ਸਿੰਘ, ਯਸ਼ਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰ ਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਹਰਨੇਕ ਸਿੰਘ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਕ੍ਰਿਪਾਲ ਸਿੰਘ ਕਾਲੜਾ, ਜਗਜੀਵਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ, ਜਸਵਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਕਰਮ ਸਿੰਘ, ਤਜਿੰਦਰ ਸਿੰਘ ਹਾਜ਼ਰ ਸਨ ।

# ਢੋਲਣ ਮਾਜਰਾ ਵਿਖੇ ਕਣਕ ਦੀ ਖੜ੍ਹੀ ਫ਼ਸਲ ਨੂੰ ਲੱਗੀ ਅੱਗ, ਕਣਕ ਸੜ੍ਹ ਕੇ ਹੋਈ ਸੁਆਹ

ਮੋਰਿੰਡਾ, 20 ਅਪ੍ਰੈਲ (ਗੁਰਮੀਤ ਸਿੰਘ ਚੋਪੜਾ) : ਨਜ਼ਦੀਕੀ ਪਿੰਡ ਢੋਲਣ ਮਾਜਰਾ ਵਿਖੇ ਕਣਕ ਦੀ ਖੜ੍ਹੀ ਫ਼ਸਲ ਨੂੰ ਅਚਾਨਕ ਅੱਗ ਲੱਗਣ ਕਾਰਨ ਫ਼ਸਲ ਸੜ ਕੇ ਸੁਆਹ,ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਪਰਮਿੰਦਰ ਸਿੰਘ ਢੋਲਣ ਮਾਜਰਾ ਨੇ ਦੱਸਿਆ ਕਿ ਸਾਡੇ ਖੇਤਾਂ ਉਪਰੋਂ ਬਿਜਲੀ ਵਿਭਾਗ ਦੀ ਮੇਨ ਲਾਈਨ ਜਾ ਰਹੀ ਹੈ। ਤਾਰਾ ਬਹੁਤ ਢਿਲੀਆਂ ਹਨ। ਬਿਜਲੀ ਦੀ ਤਾਰ ਤੇ ਕਿਸੇ ਜਾਨਵਰ ਦੇ ਬੈਠਣ ਕਾਰਨ ਬਿਜਲੀ ਦੀਆਂ ਦੋਵੇਂ ਤਰ੍ਹਾਂ ਆਪਸ ਵਿੱਚ ਟਕਰਾ ਗਈਆਂ । ਜਿਸ ਕਾਰਨ ਅਕਾਲੀ ਆਗੂ ਹਰਜੀਤ ਸਿੰਘ ਢੋਲਣ ਮਾਜਰਾ ਦੀ ਕਣਕ ਦੀ ਖੜ੍ਹੀ ਫ਼ਸਲ ਨੂੰ ਅੱਗ ਲੱਗ ਗਈ। ਅੱਗ ਲੱਗਣ ਕਾਰਨ ਕਿਸਾਨ ਹਰਜੀਤ ਸਿੰਘ ਦੀ ਇਕ ਏਕੜ ਕਣਕ ਸੜ੍ਹ ਕੇ ਸੁਆਹ ਹੋ ਗਈ। ਜਦੋਂ ਕਿ ਪਰਮਿੰਦਰ ਸਿੰਘ



ਦੀ ਵੱਡੀ ਹੋਈ ਕਣਕ ਦਾ ਨਾੜ ਸੜ੍ਹ ਕੇ ਸੁਆਹ ਹੋ ਗਿਆ, ਜਦੋਂ ਕਣਕ ਨੂੰ ਅੱਗ ਲੱਗਣ ਦੀ ਘਟਨਾ ਵਾਪਰੀ ਉਸ ਮੌਕੇ ਨਜ਼ਦੀਕ ਹੀ ਕੰਬਾਇਨ ਕਣਕ ਦੀ ਕਟਾਈ ਕਰ ਰਹੀ ਸੀ। ਉਸ ਸਮੇਂ ਹਾਜ਼ਰ ਸਾਰੇ ਵਿਅਕਤੀ ਅੱਗ ਤੇ ਕਾਬੂ ਪਾਉਣ ਲਈ ਯਤਨ ਕਰਨ ਲੱਗੇ। ਨਜ਼ਦੀਕੀ ਖੇਤ ਵਿੱਚ ਕਣਕ ਦੀ ਕਟਾਈ ਵਿਚ ਰੁਝੇ ਕਿਸਾਨਾ ਦੇ ਟ੍ਰੈਕਟਰ ਅਤੇ ਕੰਬਾਇਨਾਂ ਆਦਿ ਅੱਗ ਦੀ ਲਪੇਟ ਵਿੱਚ ਆਉਣ ਤੋਂ ਬੱਚ ਗਏ। ਇਸੇ ਮੌਕੇ ਮੋਰਿੰਡਾ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ ਤੇ ਪਹੁੰਚੀ। ਅਤੇ ਅੱਗ ਤੇ ਕਾਬੂ ਪਾਇਆ। ਇਸ ਸਬੰਧੀ ਪਿੰਡ ਦੇ ਸਰਪੰਚ ਅਭੀਜੀਤ ਸਿੰਘ ਸੋਨੂੰ, ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਸੰਤੋਖਗੜ੍ਹ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਰੂਪਨਗਰ ਦੇ ਸ੍ਰਪਰਸਤ ਪ੍ਰਗਟ ਸਿੰਘ ਰੋਲੂ ਮਾਜਰਾ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੀਨੀਅਰ ਆਗੂ ਗੁਰਚਰਨ ਸਿੰਘ ਢੋਲਣ ਮਾਜਰਾ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪੀੜਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀੜਤ ਕਿਸਾਨ ਹਰਜੀਤ ਸਿੰਘ, ਪਰਮਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਜੀਤ ਸਿੰਘ ਦੀਪਾ, ਰਣਯੋਧ ਸਿੰਘ, ਹਰਪਾਲ ਸਿੰਘ, ਅਵਤਾਰ ਸਿੰਘ,ਮੇਹਰ ਸਿੰਘ, ਹਰਪ੍ਰੀਤ ਸਿੰਘ, ਵਰਿੰਦਰ ਸਿੰਘ,ਪਾਲ ਸਿੰਘ ਕਲਾਰਾਂ ਆਦਿ ਕਿਸਾਨ ਆਗੂ ਹਾਜ਼ਰ ਸਨ।

# ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ



ਲੁਧਿਆਣਾ, 20 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਂਕ ਵਿਖੇ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਹੀ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਪਰਮਵੀਰ ਸਿੰਘ, ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖ਼ਾਲਸਾ ਅਤੇ ਵਿਸ਼ੇਸ਼ ਤੌਰ 'ਤੇ ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਅੰਮ੍ਰਿਤਮਈ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ, ਜਿਸ ਨਾਲ ਸੰਗਤਾਂ ਨੂੰ ਆਤਮਿਕ ਅਨੰਦ ਪ੍ਰਾਪਤ ਹੋਇਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤੀ ਰੂਪ ਵਿੱਚ ਰਾਗੀ ਜਥੇ ਨੂੰ ਸਿਰੋਪਾਓ ਭੇਂਟ ਕੀਤੇ। ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ । ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਲਾਇਲਪੁਰੀ, ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਟੋਨੀ ਗਿੱਲ ਐਨਆਰਆਈ, ਇੰਦਰਜੀਤ ਸਿੰਘ ਮੱਕੜ, ਮਨਪ੍ਰੀਤ ਸਿੰਘ ਪ੍ਰਿੰਸ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਇੰਦਰਜੀਤ ਸਿੰਘ ਗੋਲਾ, ਲਖਵਿੰਦਰ ਸਿੰਘ ਲੱਖਾ, ਸੁਰਿੰਦਰ ਸਿੰਘ ਨਾਰੰਗ, ਮੋਹਨ ਸਿੰਘ ਚੌਹਾਨ, ਅਰਜੁਨ ਸਿੰਘ ਚੀਮਾ, ਪਰਮਿੰਦਰ ਸਿੰਘ, ਰਵਿੰਦਰ ਸਿੰਘ ਰਵੀ, ਗੁਰਮੀਤ ਸਿੰਘ, ਸੁਨੀਲ ਕੁਮਾਰ, ਦਵਿੰਦਰ ਕੌਰ ਸੋਹਲ, ਜਸਮੇਲ ਕੌਰ ਖੇੜੀਕਲਾਂ, ਰਵਨੀਤ ਕੌਰ ਖੇੜੀਕਲਾਂ, ਅਰਵਿੰਦਰ ਕੌਰ ਆਦਿ ਹਾਜ਼ਰ ਸਨ।

# ਅਮਨਦੀਪ ਨਗਰ ਤੋਂ ਭਾਜਪਾ 'ਚ ਸ਼ਾਮਲ ਹੋਏ ਕਈ ਲੋਕ, ਚੋਣਾਵੀ ਮਾਹੌਲ ਗਰਮਾਇਆ

ਡੇਰਾਬੱਸੀ, 20 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) :ਨਗਰ ਕੌਂਸਲ ਚੋਣਾਂ ਨੂੰ ਲੈ ਕੇ ਡੇਰਾਬੱਸੀ ਵਿੱਚ ਰਾਜਨੀਤਿਕ ਮਾਹੌਲ ਦਿਨੋਂ-ਦਿਨ ਗਰਮ ਹੁੰਦਾ ਜਾ ਰਿਹਾ ਹੈ। ਇਸੇ ਦੌਰਾਨ ਵਾਰਡ ਨੰਬਰ-16 ਦੇ ਅਮਨਦੀਪ ਨਗਰ ਤੋਂ ਕਈ ਲੋਕਾਂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਕੇ ਪਾਰਟੀ ਨੂੰ ਮਜ਼ਬੂਤੀ ਦਿੱਤੀ ਹੈ, ਜਿਸ ਨਾਲ ਇਲਾਕੇ ਵਿੱਚ ਭਾਜਪਾ ਦੀ ਸਥਿਤੀ ਹੋਰ ਮਜ਼ਬੂਤ ਹੋਣ ਦੇ ਸੰਕੇਤ ਮਿਲ ਰਹੇ ਹਨ।ਭਾਜਪਾ ਆਗੂ ਮਨਪ੍ਰੀਤ ਸਿੰਘ (ਬੰਨੀ) ਸੰਧੂ ਅਤੇ ਮੰਡਲ ਪ੍ਰਧਾਨ ਪਵਨ (ਪੰਮਾ) ਵੱਲੋਂ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੰਧੂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਲੋਕ-ਹਿਤੈਸ਼ੀ ਨੀਤੀਆਂ ਅਤੇ ਭਾਜਪਾ ਦੀ ਵਿਕਾਸਸ਼ੀਲ ਸੋਚ ਕਾਰਨ ਲੋਕਾਂ ਦਾ ਭਰੋਸਾ ਲਗਾਤਾਰ ਵੱਧ ਰਿਹਾ ਹੈ ਅਤੇ ਵੱਖ-ਵੱਖ ਵਰਗਾਂ ਦੇ ਲੋਕ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਹਰ ਕਾਰਕੁਨ ਨੂੰ ਪੂਰਾ ਮਾਣ-ਸਨਮਾਨ ਮਿਲੇਗਾ ਅਤੇ ਉਨ੍ਹਾਂ ਦੀ ਭੂਮਿਕਾ ਨੂੰ ਅਹਿਮੀਅਤ ਦਿੱਤੀ ਜਾਵੇਗੀ।ਡਲ ਪ੍ਰਧਾਨ ਪਵਨ (ਪੰਮਾ) ਨੇ ਕਿਹਾ ਕਿ



ਡੇਰਾ ਬੱਸੀ ਵਿੱਚ ਭਾਜਪਾ ਦਾ ਜਨਅਧਾਰ ਤੇਜ਼ੀ ਨਾਲ ਫੈਲ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਡੇਰਾਬੱਸੀ ਦੀ ਜਨਤਾ ਭਾਜਪਾ ਨੂੰ ਵੱਡਾ ਸਮਰਥਨ ਦੇ ਕੇ ਸੇਵਾ ਦਾ ਮੌਕਾ ਦੇਵੇਗੀ।ਬੰਨੀ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਵਾਰਡ ਵਾਰ ਜਾਰੀ ਕੀਤੀਆਂ ਨਵੀਆਂ ਵੋਟਰ ਲਿਸਟਾਂ ਵਿੱਚੋਂ ਕੱਟੀਆਂ ਜਾਂ ਇੱਧਰ-ਉੱਧਰ ਕੀਤੀਆਂ ਗਈਆਂ ਵੋਟਾਂ ਨੂੰ ਠੀਕ ਨਾ ਕੀਤਾ ਗਿਆ ਤਾਂ ਉਹ ਇਸ ਕਾਰਵਾਈ ਵਿੱਚ ਸ਼ਾਮਲ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣਗੇ।ਪਾਰਟੀ ਵਿੱਚ ਸ਼ਾਮਲ ਹੋਏ ਲੋਕਾਂ ਨੇ ਕਿਹਾ ਕਿ ਉਹ ਭਾਜਪਾ ਦੀ ਨੀਤੀ ਅਤੇ ਰੀਤ-ਰਿਵਾਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ।
ਉਨ੍ਹਾਂ ਵਚਨ ਦਿੱਤਾ ਕਿ ਉਹ ਵਾਰਡ ਦੇ ਸਰਬਪੱਖੀ ਵਿਕਾਸ ਲਈ ਮਿਲਜੁਲ ਕੇ ਕੰਮ ਕਰਨਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਾਥਮਿਕਤਾ ਦੇ ਅਧਾਰ 'ਤੇ ਹੱਲ ਕਰਨ ਲਈ ਯਤਨਸ਼ੀਲ ਰਹਿਣਗੇ।ਇਸ ਮੌਕੇ ਇਲਾਕੇ ਦੇ ਕਈ ਸਥਾਨਕ ਆਗੂ ਅਤੇ ਕਾਰਕੁਨ ਵੀ ਮੌਜੂਦ ਰਹੇ, ਜਿਨ੍ਹਾਂ ਨੇ ਨਵੇਂ ਮੈਂਬਰਾਂ ਨੂੰ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਵਧਾਈ ਦਿੱਤੀ ਅਤੇ ਚੋਣਾਂ ਵਿੱਚ ਇਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।

# ਵਿਸ਼ਵਕਰਮਾ ਸਭਾ ਮੋਰਿੰਡਾ ਦੀ ਮੀਟਿੰਗ ਹੋਈ

ਮੋਰਿੰਡਾ,20 ਅਪ੍ਰੈਲ (ਗੁਰਮੀਤ ਸਿੰਘ ਚੋਪੜਾ): ਸ਼੍ਰੀ ਵਿਸ਼ਵਕਰਮਾ ਸਭਾ ਰਜਿ. ਮੋਰਿੰਡਾ ਦੀ ਅਹਿਮ ਮੀਟਿੰਗ ਸਭਾ ਦੇ ਸਰਪ੍ਰਸਤ ਗੁਰਿੰਦਰ ਸਿੰਘ ਗੋਗੀ ਰੀਹਲ ਦੀ ਅਗਵਾਈ ਵਿੱਚ ਸ਼੍ਰੀ ਵਿਸ਼ਵਕਰਮਾ ਭਵਨ ਮੋਰਿੰਡਾ ਵਿਖੇ ਹੋਈ। ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਵਾਈਸ ਪ੍ਰਧਾਨ
ਹਰਜੀਤ ਸਿੰਘ ਸੱਲ੍ਹ ਨੇ ਦੱਸਿਆ ਕਿ ਇਸ ਮੌਕੇ ਇਕੱਤਰ ਸਮੂਹ ਅਹੁਦੇਦਾਰ ਅਤੇ ਮੈਂਬਰਾਂ ਵੱਲੋਂ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦੀ ਆਰਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਹੋਈਆਂ ਵਿਚਾਰਾਂ ਦੌਰਾਨ ਸਭਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕੀਤੀ ਗਈ ਜਿਸ ਉੱਤੇ ਸਮੂਹ ਮੈਂਬਰਾਂ ਵੱਲੋਂ ਤਸੱਲੀ ਪ੍ਰਗਟਾਈ ਗਈ। ਹਰਜੀਤ ਸਿੰਘ ਸੱਲ੍ਹ ਨੇ ਦੱਸਿਆ ਕਿ ਇਸ ਮੌਕੇ ਸਭਾ ਵੱਲੋਂ ਅਵਤਾਰ ਸਿੰਘ (ਏ ਐਸ ਵਾਲੇ) ਨੂੰ ਸ਼੍ਰੀ ਵਿਸ਼ਵਕਰਮਾ ਸਭਾ ਦੇ ਖਜ਼ਾਨਚੀ ਵੱਜੋਂ ਅਹੁਦਾ ਸੰਭਾਲਿਆ ਗਿਆ ਅਤੇ ਸਭਾ ਦੇ ਵਾਈਸ ਪ੍ਰਧਾਨ ਬਿਕਰਮ ਬਹਾਦਰ ਰੂਪਰਾਏ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਗਾਏ ਚਾਹ ਦੁੱਧ ਅਤੇ ਬਿਸਕਿੱਟ ਮੱਠੀ ਦੇ ਲੰਗਰ ਦੀ ਸੇਵਾ ਸਭਾ ਦੇ ਸਰਪ੍ਰਸਤ ਗੁਰਿੰਦਰ ਸਿੰਘ ਗੋਗੀ ਰੀਹਲ ਵੱਲੋਂ ਨਿਭਾਈ ਗਈ। ਸਭਾ ਦੇ ਸਮੂਹ ਮੈਂਬਰਾਂ ਵੱਲੋਂ ਗੁਰਿੰਦਰ ਸਿੰਘ ਗੋਗੀ ਰੀਹਲ ਦਾ ਧੰਨਵਾਦ ਕੀਤਾ। ਅਖੀਰ ਵਿੱਚ ਸਭਾ ਦੇ ਵਾਈਸ ਪ੍ਰਧਾਨ ਬਿਕਰਮ ਬਹਾਦਰ ਰੂਪਰਾਏ ਅਤੇ ਹਰਜੀਤ ਸਿੰਘ ਸੱਲ੍ਹ ਨੇ ਆਏ ਹੋਏ ਸਮੂਹ ਮੈਂਬਰਾਂ, ਪਤਵੰਤਿਆਂ ਅਤੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਕਟਰੀ ਅਮਰੀਕ ਸਿੰਘ ਡੱਫੂ, ਸਹਾਇਕ ਸੈਕਟਰੀ ਗੁਰਦੀਪ ਸਿੰਘ (ਕਾਲਾ ਬੀ ਟੀ), ਵਾਈਸ ਪ੍ਰਧਾਨ ਹਰਜੀਤ ਸਿੰਘ ਸੱਲ੍ਹ, ਸਹਾਇਕ ਖਜਾਨਚੀ ਸੁਖਵਿੰਦਰ ਸਿੰਘ (ਧੰਨਾ), ਗੁਰਜੀਤ ਸਿੰਘ, ਗੋਪਾਲ ਚੰਦ, ਸੰਗਤ ਸਿੰਘ ਭਾਮੀਆ, ਦਰਸ਼ਨ ਸਿੰਘ ਰੀਹਲ, ਗੁਰਬਚਨ ਸਿੰਘ, ਅਵਤਾਰ ਸਿੰਘ ਬਬਲੂ, ਜਸਵਿੰਦਰ ਸਿੰਘ ਟੋਨੀ, ਬਲਵੀਰ ਸਿੰਘ, ਕੁਲਵੀਰ ਸਿੰਘ (ਸੋਨੂ), ਰਘਵੀਰ ਸਿੰਘ, ਰਣਜੀਤ ਸਿੰਘ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

*ਫੋਟੋਗ੍ਰਾਫਰ ਸਤਨਾਮ ਸਿੰਘ ਦੀ ਮੌਤ ਦਾ ਮਾਮਲਾ*

# ਇਨਸਾਫ਼ ਲਈ ਪਰਿਵਾਰ ਵੱਲੋਂ ਪੁਲਿਸ ਖ਼ਿਲਾਫ਼ ਰੋਸ ਪ੍ਰਦਰਸ਼ਨ ਤੇ ਨਾਅਰੇਬਾਜ਼ੀ

ਸਮਾਣਾ, 20 ਅਪ੍ਰੈਲ (ਵਿਜੇ ਕੁਮਾਰ) : ਪੈਲੇਸ ਵਿੱਚ ਹੋਏ ਇੱਕ ਸਮਾਗਮ ਦੌਰਾਨ ਚੋਰੀ ਦੇ ਦੋਸ਼ ਹੇਠ ਕੁੱਟਮਾਰ ਤੋਂ ਬਾਅਦ ਲਾਪਤਾ ਹੋਏ ਫੋਟੋਗ੍ਰਾਫਰ ਸਤਨਾਮ ਸਿੰਘ ਦੀ ਲਾਸ਼ ਇੱਕ ਹਫ਼ਤੇ ਬਾਅਦ ਨਹਿਰ ਵਿੱਚੋਂ ਬਰਾਮਦ ਹੋਈ ਹੈ। ਇਸ ਮਾਮਲੇ ਵਿੱਚ ਇੱਕ ਜੋੜੇ (ਦੰਪਤੀ) ਖ਼ਿਲਾਫ਼ ਕੇਸ ਦਰਜ ਹੋਣ ਦੇ ਬਾਵਜੂਦ, ਸੋਮਵਾਰ ਦੁਪਹਿਰ ਨੂੰ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਮੁਲਜ਼ਮਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਪੁਲਿਸ ਸਟੇਸ਼ਨ ਦੇ ਸਾਹਮਣੇ ਧਰਨਾ ਦੇ ਕੇ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮ੍ਰਿਤਕ ਦੀ ਭੈਣ ਖੁਸ਼ਪ੍ਰੀਤ ਕੌਰ ਅਤੇ ਹੋਰ ਰਿਸ਼ਤੇਦਾਰਾਂ ਨੇ ਦੋਸ਼ ਲਾਇਆ ਕਿ ਪੁਲਿਸ ਜਾਣਬੁੱਝ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਮੁਲਜ਼ਮਾਂ ਨੂੰ ਤੁਰੰਤ ਹਿਰਾਸਤ ਵਿੱਚ ਨਾ ਲਿਆ ਗਿਆ, ਤਾਂ ਉਹ ਸਤਨਾਮ ਸਿੰਘ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ। ਇਨਸਾਫ਼ ਦੀ ਪ੍ਰਾਪਤੀ ਲਈ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਹਾਈਵੇਅ ਜਾਮ ਕੀਤਾ ਜਾਵੇਗਾ। ਪਰਿਵਾਰ ਨੇ ਸਪੱਸ਼ਟ ਕੀਤਾ ਕਿ ਇਸ ਦੌਰਾਨ ਹੋਣ ਵਾਲੀ ਕਿਸੇ ਵੀ ਸਥਿਤੀ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਪ੍ਰਸ਼ਾਸਨ ਦੀ ਹੋਵੇਗੀ।



# ਸਿਵਲ ਸਰਜਨ ਡਾ. ਰਮਨ ਗੁਪਤਾ ਵੱਲੋਂ ਸਿਵਲ ਹਸਪਤਾਲ ਦਾ ਅਚਨਚੇਤ ਨਿਰੀਖਣ

ਰੂਪਨਗਰ, 20 ਅਪ੍ਰੈਲ ( ਅਮਿਤ ਅਰੋੜਾ ) : ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਅਤੇ ਲੋਕਾਂ ਤੱਕ ਗੁਣਵੱਤਾ ਵਾਲੀਆਂ ਸਹੂਲਤਾਂ ਪਹੁੰਚਾਉਣ ਦੇ ਮਕਸਦ ਨਾਲ ਸਿਵਲ ਸਰਜਨ ਰੂਪਨਗਰ ਡਾ. ਰਮਨ ਕੁਮਾਰ ਗੁਪਤਾ ਵੱਲੋਂ ਅੱਜ ਸਿਵਲ ਹਸਪਤਾਲ ਰੂਪਨਗਰ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਹਸਪਤਾਲ ਦੇ ਵੱਖ-ਵੱਖ ਵਾਰਡਾਂ, ਓਪੀਡੀ, ਫਾਰਮੇਸੀ, ਲੈਬੋਰਟਰੀ, ਐਕਸ-ਰੇ ਯੂਨਿਟ, ਜੱਚਾ-ਬੱਚਾ ਵਾਰਡ, ਲੇਬਰ ਰੂਮ, ਨਵੀਂ ਬਣ ਰਹੀ ਬਿਲਡਿੰਗ ਅਤੇ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਨਿਰੀਖਣ ਦੌਰਾਨ ਡਾ. ਰਮਨ ਕੁਮਾਰ ਗੁਪਤਾ ਨੇ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਿਵਲ ਸਰਜਨ ਨੇ ਡਾਕਟਰਾਂ, ਨਰਸਿੰਗ ਸਟਾਫ ਅਤੇ ਹੋਰ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਮਰੀਜ਼ਾਂ ਨਾਲ ਨਰਮ ਅਤੇ ਸਹਿਯੋਗਪੂਰਣ ਵਿਵਹਾਰ ਕੀਤਾ ਜਾਵੇ ਤਾਂ ਜੋ ਹਸਪਤਾਲ ਆਉਣ ਵਾਲੇ ਹਰ ਵਿਅਕਤੀ ਨੂੰ ਵਧੀਆ ਤਜਰਬਾ ਮਿਲ ਸਕੇ।ਉਨ੍ਹਾਂ ਨੇ ਹਸਪਤਾਲ ਦੇ ਵੱਖ-



ਵੱਖ ਵਾਰਡਾਂ ਵਿੱਚ ਉਪਲੱਬਧ ਸਹੂਲਤਾਂ, ਦਵਾਈਆਂ ਦੀ ਉਪਲੱਬਧਤਾ ਅਤੇ ਡਿਊਟੀ ਪ੍ਰਬੰਧਾਂ ਦੀ ਵੀ ਸਮੀਖਿਆ ਕੀਤੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਐਮਰਜੈਂਸੀ ਸੇਵਾਵਾਂ ਵਿੱਚ ਮਰੀਜ਼ਾਂ ਨੂੰ ਤੁਰੰਤ ਇਲਾਜ ਮੁਹੱਈਆ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ। ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਾ. ਗੁਪਤਾ ਨੇ ਹਸਪਤਾਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਹਸਪਤਾਲ ਦੇ ਅੰਦਰ ਅਤੇ ਬਾਹਰ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਫ-ਸੁਥਰਾ ਵਾਤਾਵਰਨ ਮਰੀਜ਼ਾਂ ਦੀ ਜਲਦੀ ਸਿਹਤਯਾਬੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਇਲਾਵਾ ਬਾਇਓ-ਮੈਡੀਕਲ ਵੇਸਟ ਦੇ ਸਹੀ ਨਿਪਟਾਰੇ ਨੂੰ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ। ਲੈਬੋਰਟਰੀ ਅਤੇ ਦਵਾਈ ਸਟੋਰ ਦੇ ਨਿਰੀਖਣ ਦੌਰਾਨ ਉਨ੍ਹਾਂ ਨੇ ਟੈਸਟਾਂ ਦੀ ਸਮੇਂ ਸਿਰ ਰਿਪੋਰਟ ਜਾਰੀ ਕਰਨ ਅਤੇ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਬਣਾਈ ਰੱਖਣ ਲਈ ਹਦਾਇਤਾਂ ਜਾਰੀ ਕੀਤੀਆਂ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਨਵਰੂਪ ਕੌਰ, ਜ਼ਿਲ੍ਹਾ ਸਿਹਤ ਅਫਸਰ ਡਾ. ਵਰਿੰਦਰ ਕੁਮਾਰ, ਡਾ. ਹਰਲੀਨ ਕੌਰ, ਬੀਸੀਸੀ ਕੋਆਰਡੀਨੇਟਰ ਸੁਖਜੀਤ ਕੰਬੋਜ ਅਤੇ ਅਜੈ ਕੁਮਾਰ ਹਾਜ਼ਰ ਸਨ।

# ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਲਗਾਤਾਰ ਰਜਿਸਟ੍ਰੇਸ਼ਨ ਜਾਰੀ ਮਹਿਲਾਵਾਂ ਦੇ ਸਸ਼ਕਤੀਕਰਨ ਵੱਲ ਪੰਜਾਬ ਸਰਕਾਰ ਦਾ ਵੱਡਾ ਕਦਮ

ਸ੍ਰੀ ਅਨੰਦਪੁਰ ਸਾਹਿਬ, 20 ਅਪ੍ਰੈਲ(ਸਤਿੰਦਰ ਪਾਲ ਸਿੰਘ) : ਮਹਿਲਾਵਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਨੂੰ ਮਜ਼ਬੂਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸੂਬੇ ਦੀਆਂ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨਾ ਹੈ। ਇਸ ਮੁਹਿੰਮ ਦੇ ਤਹਿਤ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੈਂਪ ਲਗਾ ਕੇ ਯੋਗ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਪਾਲ ਸਿੰਘ ਐਸ.ਡੀ.ਐਮ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਯੋਜਨਾ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਆਸਾਨ ਬਣਾਇਆ ਗਿਆ ਹੈ ਤਾਂ ਜੋ ਵੱਧ ਤੋਂ ਵੱਧ ਮਹਿਲਾਵਾਂ ਇਸਦਾ ਲਾਭ ਲੈ ਸਕਣ। ਰਜਿਸਟ੍ਰੇਸ਼ਨ ਕੈਂਪਾਂ ਵਿੱਚ ਮਹਿਲਾਵਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਦੀ ਸਹਾਇਤਾ ਲਈ ਵਿਸ਼ੇਸ਼ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸਰਕਾਰ ਦਾ ਮਕਸਦ ਹੈ ਕਿ ਹਰ ਯੋਗ ਮਹਿਲਾ ਤੱਕ ਇਸ ਯੋਜਨਾ ਦਾ ਲਾਭ ਪਹੁੰਚੇ ਅਤੇ



ਕਿਸੇ ਨੂੰ ਵੀ ਇਸ ਤੋਂ ਵਾਂਝਾ ਨਾ ਰਹਿਣਾ ਪਵੇ। ਇਸ ਯੋਜਨਾ ਨਾਲ ਜੁੜੀਆਂ ਮਹਿਲਾਵਾਂ ਵਿੱਚ ਵੀ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਹਨਾਂ ਨੇ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਨਾ ਸਿਰਫ ਉਹਨਾਂ ਦੀ ਆਰਥਿਕ ਹਾਲਤ ਵਿੱਚ ਸੁਧਾਰ ਆਵੇਗਾ, ਸਗੋਂ ਉਹਨਾਂ ਨੂੰ ਆਪਣੇ ਪਰਿਵਾਰ ਅਤੇ ਸਮਾਜ ਵਿੱਚ ਵਧੇਰੇ ਆਤਮ-ਵਿਸ਼ਵਾਸ ਨਾਲ ਜੀਣ ਦਾ ਮੌਕਾ ਮਿਲੇਗਾ। ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੀਆਂ ਲੋਕ-ਪੱਖੀ ਯੋਜਨਾਵਾਂ ਨੂੰ ਜਾਰੀ ਰੱਖਣ ਦਾ ਭਰੋਸਾ ਦਿੱਤਾ ਗਿਆ ਹੈ, ਜਿਸ ਨਾਲ ਮਹਿਲਾਵਾਂ ਦੀ ਭਾਗੀਦਾਰੀ ਅਤੇ ਸਸ਼ਕਤੀਕਰਨ ਨੂੰ ਹੋਰ ਬਲ ਮਿਲੇਗਾ।

# ਜ਼ਰੂਰੀ ਮੁਰੰਮਤ ਕਾਰਨ ਅੱਜ ਬਿਜਲੀ ਬੰਦ ਰਹੇਗੀ

ਸ਼੍ਰੀ ਚਮਕੌਰ ਸਾਹਿਬ, 20 ਅਪ੍ਰੈਲ (ਅਵਤਾਰ ਸਿੰਘ ਭੰਗੂ) 132 ਸਬ ਸਟੇਸ਼ਨ ਸ੍ਰੀ ਚਮਕੌਰ ਸਾਹਿਬ ਦੀ ਜ਼ਰੂਰੀ ਮੁਰੰਮਤ ਕਾਰਨ ਇਸ ਸਬ ਸਟੇਸ਼ਨ ਤੋਂ ਚਲਦੇ 11 ਕੇਵੀ ਸ਼ਹਿਰੀ ਫੀਡਰ ਅਤੇ 11 ਕੇਵੀ ਸੰਧੂਆਂ ਫੀਡਰ ਤੋਂ ਚਲਦੀ ਘਰੇਲੂ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਸ ਕਾਰਨ ਸ਼ਹਿਰ ਦੀ ਸ਼੍ਰੀ ਚਮਕੌਰ ਸਾਹਿਬ ਗੁਰਦੁਆਰਾ ਸ਼੍ਰੀ ਕਤਲਗੜ੍ਹ ਸਾਹਿਬ ਅਤੇ ਬਸੀ ਏਰੀਏ ਦੇ ਪਿੰਡਾਂ ਦੀ ਸਪਲਾਈ ਬੰਦ ਰਹੇਗੀ। ਇਹ ਜਾਣਕਾਰੀ ਉਪ ਮੰਡਲ ਅਫਸਰ PSPCL ਸ਼੍ਰੀ ਚਮਕੌਰ ਸਾਹਿਬ ਵੱਲੋਂ ਪ੍ਰੈਸ ਨਾਲ ਸਾਂਝੀ ਕੀਤੀ ਗਈ।